Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 170 | Thursday, September 05, 2019 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਡੌਮੀਨਿਕ ਬਾਰਟਨ ਹੋਣਗੇ ਚੀਨ ਵਿੱਚ ਕੈਨੇਡਾ ਦੇ ਨਵੇਂ ਅੰਬੈਸਡਰ



ਓਟਵਾ, 4 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਆਰਥਿਕ ਸਲਾਹਕਾਰ ਡੌਮੀਨਿਕ ਬਾਰਟਨ ਨੂੰ ਚੀਨ ਵਿਖੇ ਕੈਨੇਡਾ ਦੇ ਨਵੇਂ ਅੰਬੈਸਡਰ ਵਜੋਂ ਨਿਯੁਕਤ ਕਰਨ ਜਾ ਰਹੇ ਹਨ। ਇਹ ਚੀਨ ਦੀ ਸਹਿਮਤੀ ਨਾਲ ਹੋ ਰਿਹਾ ਹੈ। ਇਹ ਸੱਭ ਅਜਿਹੇ ਸਮੇਂ ਵਿੱਚ ਹੋ ਰਿਹਾ ਹੈ ਜਦੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਕਾਫੀ ਵਿਗਾੜ ਆਇਆ ਹੋਇਆ ਹੈ।

ਕੌਮਾਂਤਰੀ ਆਰਥਿਕ ਮਸਲਿਆਂ ਉੱਤੇ ਮਸ਼ਹੂਰ ਕੈਨੇਡੀਅਨ ਸ਼ਖਸੀਅਤ ਬਾਰਟਨ ਟਰੂਡੋ ਕੈਬਨਿਟ ਨੂੰ ਸਲਾਹ ਦੇ ਚੁੱਕੇ ਹਨ ਤੇ ਆਰਥਿਕ ਵਿਕਾਸ ਬਾਰੇ ਲਿਬਰਲ ਸਰਕਾਰ ਦੀ ਐਡਵਾਈਜ਼ਰੀ ਕਾਉਂਸਲ ਦੀ ਪ੍ਰਧਾਨਗੀ ਵੀ ਕਰ ਚੁੱਕੇ ਹਨ। ਨਵੇਂ ਅਹੁਦੇ ਉੱਤੇ ਕਾਇਮ ਰਹਿੰਦਿਆਂ ਬਾਰਟਨ ਕੋਲ ਟਰੂਡੋ ਤੇ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਸੰਪਰਕ ਕਰਨ ਲਈ ਡਾਇਰੈਕਟ ਲਾਈਨ ਹੋਵੇਗੀ। ਉਹ ਚੀਨ ਵਿੱਚ ਕੈਨੇਡਾ ਦਾ ਚਿਹਰਾ ਤੇ ਆਵਾਜ਼ ਹੋਣਗੇ।

ਇਸ ਫੈਸਲੇ ਸਬੰਧੀ ਐਲਾਨ ਕਰਨ ਲਈ ਪ੍ਰਧਾਨ ਮੰਤਰੀ ਆਫਿਸ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਆਖਿਆ ਗਿਆ ਕਿ ਬਾਰਟਨ ਟਰੂਡੋ ਨੂੰ ਰਣਨੀਤਕ ਗਾਇਡੈਂਸ ਵੀ ਮੁਹੱਈਆ ਕਰਵਾਉਣਗੇ। ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਆਈ ਕੁੜੱਤਣ ਕਾਰਨ ਇਹ ਅਹੁਦਾ ਲੰਮੇਂ ਸਮੇਂ ਤੋਂ ਖਾਲੀ ਪਿਆ ਸੀ। ਜਨਵਰੀ ਵਿੱਚ ਕੈਨੇਡੀਅਨ ਸਰਕਾਰ ਤੋਂ ਉਲਟ ਬਿਆਨਬਾਜ਼ੀ ਕਰਨ ਦੇ ਸਬੰਧ ਵਿੱਚ ਟਰੂਡੋ ਵੱਲੋਂ ਸਾਬਕਾ ਲਿਬਰਲ ਕੈਬਨਿਟ ਮੰਤਰੀ ਜੌਹਨ ਮੈਕੈਲਮ ਨੂੰ ਅਸਤੀਫਾ ਦੇਣ ਲਈ ਆਖਣ ਤੋਂ ਬਾਅਦ ਤੋਂ ਹੀ ਇਹ ਅਹੁਦਾ ਖਾਲੀ ਪਿਆ ਸੀ।

## ਪਟਾਕਾ ਫ਼ੈਕਟਰੀ ਵਿੱਚ ਭਿਆਨਕ ਧਮਾਕਾ, 25 ਮਰੇ, 40 ਜ਼ਖ਼ਮੀ



ਬਟਾਲਾ, 4 ਸਤੰਬਰ, (ਪੋਸਟ ਬਿਊਰੋ)- ਅੱਜ ਦੁਪਹਿਰ ਗੁਰਦਾਸਪੁਰ ਜ਼ਿਲੇ ਦੇ ਬਟਾਲਾ ਕਸਬੇ ਦੀ ਜਲੰਧਰ ਰੋਡ ਉੱਤੇ ਹੰਸਲੀ ਨਾਲੇ ਦੇ ਕੋਲ ਇਕ ਪਟਾਕਾ ਬਣਾਉਣ ਦੀ ਫੈਕਟਰੀ ਵਿਚ ਜ਼ਬਰਦਸਤ ਧਮਾਕੇ ਕਾਰਨ 25 ਲੋਕਾਂ ਦੀ ਮੌਤ ਹੋਣ ਦੀ ਖਬਰ ਹੈ ਅਤੇ 40 ਲੋਕ ਜ਼ਖਮੀ ਦੱਸੇ ਗਏ ਹਨ, ਜਿਨ੍ਹਾਂ ਵਿੱਚੋਂ 4 ਦੀ ਹਾਲਤ ਗੰਭੀਰ ਹੈ।

ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਬਟਾਲਾ ਵਿੱਚ ਹੰਸਲੀ ਵਾਲੇ ਪੁ.ਲ ਨੇੜੇ ਪਟਾਕਾ ਫੈਕਟਰੀ ਵਿੱਚ ਹੋਏ ਤਿੰਨ ਧਮਾਕਿਆਂ ਨਾਲ ਕਰੀਬ 25 ਲੋਕਾਂ ਦੀ ਮੌਤ ਹੋ ਗਈ ਤੇ 40 ਦੇ ਕਰੀਬ ਗੰਭੀਰ ਜ਼ਖ਼ਮੀ ਹੋ ਗਏ। ...ਬਾਕੀ ਪੰਨਾ 6 'ਤੇ

ਅੰਦਰ ਪੜ੍ਹੋ
ਰੋਟੋਰੂਆ ਨੇੜੇ ਦੁਰਘਟਨਾ ਗ੍ਰਸਤ ਹੋਈ ਬੱਸ ਵਿਚ 5 ਸੈਲਾਨੀਆਂ ਦੀ ਮੌਤ
ਪੰਨਾ 3



## ਮੈਨੂੰ ਕੱਢਣ ਤੋਂ ਪਹਿਲਾਂ ਹੀ ਮੇਰੀਆਂ ਸੋਸ਼ਲ ਮੀਡੀਆ ਪੋਸਟਸ ਬਾਰੇ ਲਿਬਰਲ ਪਾਰਟੀ ਜਾਣਦੀ ਸੀ : ਗੁਇਲੈ



ਮਾਂਟਰੀਅਲ, 4 ਸਤੰਬਰ (ਪੋਸਟ ਬਿਊਰੋ) : ਵਿਵਾਦਗ੍ਰਸਤ ਸੋਸ਼ਲ ਮੀਡੀਆ ਪੋਸਟਸ ਕਾਰਨ ਪਿਛਲੇ ਹਫਤੇ ਮਾਂਟਰੀਅਲ ਹਲਕੇ ਤੋਂ ਕੱਢੇ ਗਏ ਫੈਡਰਲ ਲਿਬਰਲ ਉਮੀਦਵਾਰ ਨੇ ਬੁੱਧਵਾਰ ਨੂੰ ਇਹ ਖੁਲਾਸਾ ਕੀਤਾ ਕਿ ਇਨ੍ਹਾਂ ਪੋਸਟਸ ਬਾਰੇ ਪਾਰਟੀ ਚੰਗੀ ਤਰ੍ਹਾਂ ਜਾਣੂ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਪਾਰਟੀ ਤੋਂ ਅਚਾਨਕ ਬਾਹਰ ਕਰਨ ਤੋਂ ਪਹਿਲਾਂ ਪਾਰਟੀ ਉਨ੍ਹਾਂ ਨਾਲ ਰਲ ਕੇ ਨਕਾਰਾਤਮਕ ਪਬਲਿਸਿਟੀ ਨੂੰ ਰੋਕਣ ਲਈ ਵੀ ਕੰਮ ਕਰ ਰਹੀ ਸੀ।

ਹਸਨ ਗੁਇਲੈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਪੁਰਾਣੀਆਂ ਪੋਸਟਸ ਬਾਰੇ ਗੱਲ ਕਰਨ ਲਈ 8 ਅਗਸਤ ਨੂੰ ਫੈਡਰਲ ਪਾਰਟੀ ਦੇ ਅਧਿਕਾਰੀਆਂ ਨੂੰ ਮਿਲੇ ਸਨ। ਉਸ ਸਮੇਂ ਲਿਬਰਲਾਂ ਨੇ ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਉਹ ਮੰਨਦੇ ਹਨ ਕਿ ਨਾ ਤਾਂ ਉਹ ਨਸਲਵਾਦੀ ਹਨ ਤੇ ਨਾ ਹੀ ਯਹੂਦੀਆਂ ਦੇ ਖਿਲਾਫ ਹਨ। ਇਸ ਦੇ ਬਾਵਜੂਦ ਪਾਰਟੀ ਵੱਲੋਂ ਸੇਂਟ ਲਿਓਨਾਰਡ-ਸੇਂਟ ਮਾਈਕਲ ਹਲਕੇ ਤੋਂ ਬੀਤੇ ਸ਼ੁੱਕਰਵਾਰ ਉਨ੍ਹਾਂ ਦੀ ਨਾਮੀਨੇਸ਼ਨ ਰੱਦ ਕਰ ਦਿੱਤੀ ਗਈ। ਯਹੂਦੀਆਂ ਦੇ ਐਡਵੋਕੇਸੀ ਗਰੁੱਪ ਵੱਲੋਂ ਗੁਇਲੈ ਵੱਲੋਂ ਸੋਸ਼ਲ ਮੀਡੀਆ ਉੱਤੇ ਦਿੱਤੇ ਗਏ ਪੁਰਾਣੇ ਬਿਆਨਾਂ ਦੀ ਸੀਰੀਜ਼ ਜਾਰੀ ਕਰਕੇ ਆਖਿਆ ਗਿਆ ਕਿ ਉਨ੍ਹਾਂ ਦੇ ਬਿਆਨ ਇਜ਼ਰਾਈਲ ਤੇ ਯਹੂਦੀਆਂ ਵਿਰੋਧੀ ਹਨ।

ਉਨ੍ਹਾਂ ਆਖਿਆ ਕਿ ਉਹ ਖੁਦ ਤੇ ਲਿਬਰਲ ਗਲਤ ਬਿਆਨਬਾਜ਼ੀ ਤੋਂ ਬਚਣ ਲਈ ਮੀਡੀਆ ਅਤੇ ਯਹੂਦੀ ਕਮਿਊਨਿਟੀ ਤੱਕ ਪਹੁੰਚ ਕਰਨ ਬਾਰੇ ਐਕਸ਼ਨ ਪਲੈਨ ਉੱਤੇ ਵਿਚਾਰ ਵਟਾਂਦਰਾ ਕਰ ਚੁੱਕੇ ਸਨ। ...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE - NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance - ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਵਾਇਤੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr



APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



You can
Place Your Business Here
To Reach Wider Audience

For more info Call 905-793-2202 or e-mail ads@punjabipost.ca



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931



RPC
Royal Pizza & Curry Hut

11am - 11pm | 7 Days a Week
184 Main Street South,
Unit D., Brampton

WE SPECIALIZE IN VEGAN FOOD

$8.97 +Tax
X-Large (16") Fully Loaded Pizza *With 5 Toppings (Any)

UNDER $10 CURRIES WITH FREE NAAN
LOTS TO CHOOSE FROM

905-450-2777
647-906-3295

Kotakpura Aata Chicken
Get $5 Off with Special Coupon from PunjabiPost
WAS $25 NOW $20



ASIAN FOOD CENTRE

LABOUR DAY SALE
29th Aug to 8th Sep 2019

www.AsianFoodCentre.com
Fresh Fruits, Vegetables, Indian & Canadian Grocery

| | | | | | | |
|---|---|---|---|---|---|---|
| GOLDEN TEMPLE (YELLOW BAG 20LB) / ASHIRVAD ATTA (10KG) $9.99 EA REG.$11.99 | PILLSBURRY CHAKKI ATTA $11.99 EA REG.$14.99 | AFC BIRYANI RICE $5.99 6LB REG.$7.99 | INDIA GATE ROZZANA RICE $8.99 10LB REG.$11.99 | ASIAN BASMATI RICE $8.99 8LB REG.$10.99 | DAAWAT SONA MASOOR RICE $16.99 20LB REG.$18.99 | QUALITY IDLI RICE $6.99 8LB REG.$8.99 |
| TILDA BROWN BASMATI $1.99 2LB REG.$4.99 | CASHEW PIECES $4.99 1LB REG.$6.99 | APNA TASTE GULAB JAMUN $4.99 EA REG.$5.99 | SAVERA PANEER (341G) $3.99 EA REG.$4.99 | APNA TASTE RASMALAI $6.99 EA REG.$7.99 | TRUST SUGAR $7.99 4KG REG.$9.99 / $19.99 10KG REG.$24.99 | HALDIRAM SOAN PAPDI $1.99 250G REG.$2.49 |
| POPULAR SAMOSA (400G) $1.79 EA REG.$2.49 | SAFFRON $2.29 1G REG.$2.99 | TEA INDIA $7.99 216 BAGS REG.$8.99 | MAZOLA CANOLA / CORN OIL $7.99 EA REG.$8.99 | ASHOKA ALPHANSO MANGO PULP $1.99 EA REG.$2.99 | MR. GOUDAS CHICK PEAS (796ML) $1.49 EA REG.$1.99 | NUTRELA SOYA GRANULES (200G) $.89 EA REG.$1.49 |
| DEEP PARATHA $2.29 EA REG.$3.99 | YIPPEE NOODLES 6 FOR $1 70GM REG.$2.00 | MR.GOUDAS SALT $.79 EA REG.$.99 | POPULAR PARATHA $5.99 25PCS REG.$6.99 | GOOD DAY BISCUITS 2 FOR $1 75G REG.$.79 | MAGGI ASST SAUCE $3.29 340ML REG.$3.99 | BLACK CHANA $3.49 4LB REG.$4.99 |
| UDUPI READY TO EAT $2.79 EA REG.$3.49 | HALDIRAM PARATHA/NAAN $1.99 EA REG.$2.99 | HEINZ KETCHUP $3.99 1L REG.$4.99 | WHITE CHANA $2.99 4LB REG.$4.99 | VERKA BROWN SUGAR $8.99 10LB REG.$9.99 | LINDA SOAP(270G) $1.99 + TAX REG.$2.99 | RED LENTIL MASSAR WHOLE $2.99 4LB REG.$3.99 |
| SILKY BATHROOM TISSUE (8ROLLS) $3.49 + TAX REG.$4.99 | ASIAN BESAN $4.29 4LB REG.$5.99 | FROOTI $1.49 EA REG.$1.99 | DEEP CUT/WHOLE OKRA $1.29 EA REG.$1.49 | FRONTIER COOKIES $4.29 2LB REG.$4.99 | TOOBA GINGER/ GARLIC PASTE (750ML) $3.99 EA REG.$4.99 | MEZBAN NAAN $1.49 5PCS REG.$2.79 |

ETOBICOKE
10 Westmore Dr. MEAT SHOP
416-740-3262

MISSISSAUGA
1075 Ceremonial Dr. MEAT SHOP
905-502-1600

BRAMPTON
621 Wanless Dr. MEAT SHOP
905-495-3336

BRAMPTON
2120 N Park Dr. MEAT SHOP AVAILABLE
905-793-1338

BRAMPTON
80 Pertosa Dr.
905-460-0009

TOLL FREE
1-800-708-9232

BRAMPTON
40 Airport RD & Lacoste Blvd. MEAT SHOP
905-794-8109

BRAMPTON
10510 Torbram Rd.
905-790-0030

BRAMPTON
10 Pannahill Dr. MEAT SHOP AVAILABLE
905-913-8017

TOLL FREE
1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design by InfoTech Media

## ਅੱਜ ਨਾਮਾ

ਲਾਗੂ ਹੋਇਆ ਈ ਨਵਾਂ ਕਾਨੂੰਨ ਕਾਹਦਾ,
ਟਰੈਫਿਕ ਪੁਲਸ ਵੀ ਹੋਈ ਬੇਹਾਲ ਬੇਲੀ।
ਜਿਹੜੀ ਕੋਈ ਵੀ ਗੱਡੀ ਉਹ ਘੇਰ ਲੈਂਦੀ,
ਹੁੰਦੀ ਬਹਿਸ ਡਰਾਈਵਰ ਦੇ ਨਾਲ ਬੇਲੀ।
ਪੈਂਦਾ ਲਾਉਣਾ ਜੁਰਮਾਨਾ ਵੀ ਇੰਜ ਵੱਡਾ,
ਮੂੰਹ 'ਚੋਂ ਨਿਕਲਦਾ ਬਹੁਤ ਕਮਾਲ ਬੇਲੀ।
ਓਨੀ ਕੀਮਤ ਦੀ ਗੱਡੀ ਉਹ ਨਹੀਂ ਹੁੰਦੀ,
ਸਕਦਾ ਕੇਸ ਵੀ ਬੰਦਾ ਨਹੀਂ ਟਾਲ ਬੇਲੀ।
ਜੀਹਨਾਂ ਘੜੇ ਤੇ ਨਿਯਮ ਆ ਕਰੇ ਲਾਗੂ,
ਬਹਿ ਕੇ ਦਫਤਰੇ ਮੌਜ ਰਹੇ ਮਾਣ ਬੇਲੀ।
ਸੜਕਾਂ ਉੱਤੇ ਲੜਾਈ ਦਾ ਬਣਨ ਮੁੱਦਾ,
ਥਾਂ-ਥਾਂ ਹੋਣ ਇਹ ਜਿੰਦਾਂ ਚਲਾਣ ਬੇਲੀ।

ਤੀਸ ਮਾਰ ਖਾਂ

# ਰੋਟੋਰੂਆ ਨੇੜੇ ਦੁਰਘਟਨਾ ਗ੍ਰਸਤ ਹੋਈ ਬੱਸ ਵਿਚ 5 ਸੈਲਾਨੀਆਂ ਦੀ ਮੌਤ, ਚਾਈਨਾ ਤੋਂ ਆਏ ਸਨ ਘੁੰਮਣ

ਔਕਲੈਂਡ, 4 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)-ਬੀਤੇ ਬੁੱਧਵਾਰ ਸਵੇਰੇ 11.20 ਮਿੰਟ ਉਤੇ ਰੋਟੋਰੂਆ ਨੇੜੇ ਸਟੇਟ ਹਾਈਵੇ ਨੰਬਰ 5 ਉਤੇ ਇਕ ਬੱਸ ਦੁਰਘਟਨਾ ਗ੍ਰਸਤ ਹੋ ਕੇ ਸੜਕ ਤੋਂ ਹੇਠਾਂ ਉਤਰ ਗਈ ਅਤੇ ਇਕ ਖੱਡ ਵਿਚ ਪਲਟ ਗਈ। ਬੱਸ ਦੇ ਵਿਚ ਸਵਾਰ ਜਿੱਥੇ 5 ਸੈਲਾਨੀ ਯਾਤਰੀ ਆਪਣੀ ਜਾਨ ਗਵਾ ਬੈਠੇ ਉਥੇ ਬਹੁਤ ਸਾਰਿਆਂ ਦੇ ਗੰਭੀਰ ਸੱਟਾਂ ਲੱਗੀਆਂ। 2 ਮਿੰਟ ਬਾਅਦ ਹੀ ਉਥੋਂ ਲੰਘ ਰਹੇ ਇਕ ਰਾਹਗੀਰ ਨੇ ਦੱਸਿਆ ਕਿ ਜਦੋਂ ਉਹ ਉਥੇ ਪਹੁੰਚੇ ਤਾਂ ਲੋਕ ਬੱਸ ਦੇ ਅੰਦਰੋ ਬਚਾਅ ਕਰਨ ਦੇ ਲਈ ਤਰਲੇ ਮਾਰ ਰਹੇ ਸਨ। ਇਸ ਬੱਸ ਵਿਚ 23 ਚਾਈਨਾ ਮੂਲ ਦੇ ਸਨ ਅਤੇ 4 ਹੋਰ ਵਿਅਕਤੀ ਸਨ। ਜਿਸ ਸਮੇਂ ਇਹ ਹਾਦਸਾ ਹੋਇਆ ਉਸ ਸਮੇਂ ਬਹੁਤ ਜ਼ੋਰ ਦੀ ਹਵਾ ਚੱਲ ਰਹੀ ਸੀ ਅਤੇ ਮੀਂਹ ਵੀ ਪੈ ਰਿਹਾ ਸੀ। ਬੱਸ ਦੀ ਕਿਸੇ ਹੋਰ ਵਾਹਨ ਦੇ ਨਾਲ ਟੱਕਰ ਨਹੀਂ ਹੋਈ ਮੰਨਿਆ ਜਾ ਰਿਹਾ ਹੈ ਕਿ ਬੱਸ ਫਿਸਲ ਕੇ ਸਾਈਡ ਉਤੇ ਚਲੇ ਗਈ ਅਤੇ ਪਲਟ ਗਈ। ਕੁਝ ਰਾਹਗੀਰਾਂ ਨੇ



ਸਵਾਰੀਆਂ ਦੀ ਸਹਾਇਤਾ ਵੀ ਕੀਤੀ ਅਤੇ ਫਿਰ ਐਮਰਜੈਂਸੀ ਸਟਾਫ ਨੇ ਆ ਕੇ ਮੌਕੇ ਉਤੇ ਨਿਯੰਤਰਣ ਕਰ ਲਿਆ ਅਤੇ ਲੋਕਾਂ ਨੂੰ ਪਰ੍ਹੇ ਕਰ ਦਿੱਤਾ। ਜ਼ਖਮੀਆਂ ਨੂੰ ਲਾਗੇ ਦੇ ਸ਼ਹਿਰਾਂ ਵਿਚ ਦਾਖਲ ਕਰਵਾ ਦਿੱਤਾ ਗਿਆ ਹੈ। ਪੰਜ ਹੈਲੀਕਾਪਟਰਾਂ ਅਤੇ ਕਈ ਐਂਬੂਲੈਂਸ ਸੇਵਾਵਾਂ ਦੀ ਵਰਤੋਂ ਕੀਤੀ ਗਈ। ਇਸ ਦੁਰਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਡ੍ਰਾਈਵਰ ਬਚ ਗਿਆ ਹੈ ਅਤੇ ਸੱਟਾਂ ਲੱਗੀਆਂ ਹਨ ਅਜੇ ਕਿਸੇ ਤਰ੍ਹਾਂ ਦਾ ਦੋਸ਼ ਨਹੀਂ ਲਗਾਇਆ ਗਿਆ।

## ਹਨੀਪ੍ਰੀਤ ਨੂੰ ਜ਼ਮਾਨਤ ਲਈ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ

ਹਰਿਆਣਾ, 4 ਸਤੰਬਰ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਦੀ ਮੂੰਹ ਬੋਲੀ ਧੀ ਦੱਸੀ ਜਾਣ ਵਾਲੀ ਹਨੀਪ੍ਰੀਤ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਹਾਈ ਕੋਰਟ ਨੇ ਹਨੀਪ੍ਰੀਤ ਦੀ ਜ਼ਮਾਨਤ ਪਟੀਸ਼ਨ ਟਾਲ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਉਸ ਦੀ ਪਟੀਸ਼ਨ ਰੱਦ ਹੋ ਗਈ ਸੀ। ਇਸ ਕਰ ਕੇ ਹਨੀਪ੍ਰੀਤ ਦਾ ਜ਼ਮਾਨਤ ਉੱਤੇ ਜੇਲ ਵਿੱਚੋਂ ਬਾਹਰ ਨਿਕਲਣ ਦਾ ਕੋਈ ਰਾਹ ਨਿਕਲਣਾ ਮੁਸ਼ਕਲ ਹੋ ਗਿਆ ਹੈ।

# ਪ੍ਰਭਜੋਤ ਕੈਂਥ ਨੂੰ ਮਿਲੇਗਾ ਬਰੈਂਪਟਨ ਦਾ ਟਾਪ 40 ਅੰਡਰ 40 ਸਨਮਾਨ

ਬਰੈਂਪਟਨ, 4 ਸਤੰਬਰ (ਪੋਸਟ ਬਿਊਰੋ)- ਵਾਤਾਵਰਨ ਦੀ ਸਾਂਭ-ਸੰਭਾਲ ਲਈ ਐਕਟੀਵਿਸਟ ਪ੍ਰਭਜੋਤ ਕੈਂਥ ਨੂੰ ਬਰੈਂਪਟਨ ਦੇ ਟਾਪ 40 ਅੰਡਰ 40 ਅਵਾਰਡ ਲਈ ਚੁਣਿਆ ਗਿਆ ਹੈ। ਇਹ ਅਵਾਰਡ ਉਸ ਨੂੰ 19 ਸਤੰਬਰ ਨੂੰ ਦਿੱਤਾ ਜਾਵੇਗਾ। ਇਸ ਅਵਾਰਡ ਲਈ ਬਰੈਂਪਟਨ ਸ਼ਹਿਰ ਵਿਚੋਂ 40 ਉਨ੍ਹਾਂ ਲੋਕਾਂ ਨੂੰ ਚੁਣਿਆ ਜਾਂਦਾ ਹੈ, ਜਿਨ੍ਹਾਂ ਦੀ ਉਮਰ 40 ਸਾਲ ਤੋਂ ਘੱਟ ਹੁੰਦੀ ਹੈ ਤੇ ਉਨ੍ਹਾਂ ਨੇ ਕੋਈ ਨਾ ਕੋਈ ਵਧੀਆ ਅਚੀਵਮੈਂਟ ਹਾਸਿਲ ਕੀਤੀ ਹੁੰਦੀ ਹੈ। ਪ੍ਰਭਜੋਤ ਕੈਂਥ ਨੇ ਵਾਤਾਵਰਨ ਦੇ ਮੁੱਦੇ ਉਤੇ ਅਤੇ ਪੰਜਾਬ ਅੰਦਰ ਵਿਗੜ ਰਹੇ ਪਾਣੀ ਉਤੇ ਕਾਫੀ ਜਾਗ੍ਰਿਤੀ ਪੈਦਾ ਕਰਨ ਦੇ ਕੰਮ ਕੀਤੇ



ਹਨ। ਬੀਤੇ ਦਿਨੀਂ ਉਨ੍ਹਾਂ ਨੂੰ ਯੂਨਾਈਟਡ ਨੇਸ਼ਨਜ ਵਲੋਂ ਯਾਰਕ ਯੂਨੀਵਰਸਿਟੀ ਵਿਖੇ ਸਸਟੇਨੇਬਲ ਡਿਵੈਲਪਮੈਂਟ ਗੋਲਜ ਦੀ ਐਡਵੋਕੇਟ ਵਾਸਤੇ ਵੀ ਟ੍ਰੇਨਿੰਗ ਦਿੱਤੀ ਗਈ, ਜਿਹੜੀ ਉਨ੍ਹਾਂ ਨੇ ਸਫਲਤਾਪੂਰਵਕ ਪੂਰੀ ਕੀਤੀ। ਇਸੇ ਤਰ੍ਹਾਂ ਉਨ੍ਹਾਂ ਨੇ ਵਾਟਰ ਸਟੀਕਸ ਐਸੋਸੀਏਟ ਰਿਸਰਚ ਲਈ ਵੀ ਯਾਰਕ ਯੂਨੀਵਰਸਿਟੀ ਵਿਚ ਕੰਮ ਕੀਤਾ। ਪ੍ਰਭਜੋਤ ਕੈਂਥ ਇਨ੍ਹਾਂ ਕੰਮਾਂ ਤੋਂ ਇਲਾਵਾ ਜਿਥੇ ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰ ਐਸੋਸੀਏਸ਼ਨ ਦੀ ਮੈਂਬਰ ਹੈ, ਇਸ ਦੇ ਨਾਲ-ਨਾਲ ਹੋਰ ਸਮਾਜਿਕ ਗਤੀਵਿਧੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਗੋ ਬਸਾਂ ਤੇ ਟਰੇਨਜ਼ ਵਿੱਚ ਮੁਫਤ ਵਾਈ-ਫਾਈ ਸੇਵਾ ਦੇਵੇਗੀ ਓਨਟਾਰੀਓ ਸਰਕਾਰ

ਬਰੈਂਪਟਨ, 4 ਸਤੰਬਰ (ਪੋਸਟ ਬਿਊਰੋ) : ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਨੇ ਅੱਜ ਇਹ ਐਲਾਨ ਕੀਤਾ ਕਿ ਓਨਟਾਰੀਓ ਸਰਕਾਰ ਗੋ ਬੱਸਾਂ ਤੇ ਟਰੇਨਜ਼ ਵਿੱਚ ਮੁਫਤ ਵਾਈ-ਫਾਈ ਸੇਵਾ ਦੇਵੇਗੀ। ਸਰਕਾਰ ਦੀ ਟਰਾਂਜ਼ਿਟ ਏਜੰਸੀ ਮੈਟਰੋਲਿੰਕਸ ਵੱਲੋਂ ਸਾਰੀਆਂ 1475 ਗੋ ਬੱਸਾਂ ਤੇ ਟਰੇਨਜ਼ ਨਾਲ ਵਾਈ ਫਾਈ ਜੋੜਨ ਲਈ ਆਈਕੋਮੈਰਾ ਕੈਨੇਡਾ ਇਨਕਾਰਪੋਰੇਸ਼ਨ ਨਾਲ ਸਮਝੌਤੇ ਉੱਤੇ ਸਹੀ ਪਾਈ ਗਈ ਹੈ। ਇਹ ਸੇਵਾ 2020 ਵਿੱਚ ਸ਼ੁਰੂ ਹੋ ਜਾਵੇਗੀ।



ਟਰਾਂਸਪੋਰਟੇਸ਼ਨ ਸਬੰਧੀ ਐਸੋਸਿਏਟ ਮੰਤਰੀ (ਜੀਟੀਏ) ਕਿੰਗਾ ਸੂਰਮਾ ਨੇ ਆਖਿਆ ਕਿ ਅਸੀਂ ਇਹ ਖਬਰ ਗੋ ਦੇ ਕਸਟਮਰਜ਼ ਨਾਲ ਸਾਂਝੀ ਕਰਨ ਲਈ ਬਹੁਤ ਕਾਹਲੇ ਹਾਂ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਲੋਕਾਂ ਲਈ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣਾ ਚਾਹੁੰਦੀ ਹੈ ਤੇ ਇਹ ਵੀ ਚਾਹੁੰਦੀ ਹੈ ਕਿ ਆਪਣੇ ਕੰਮ, ਸਕੂਲ ਜਾਂ ਹੋਰਨਾਂ ਰੁਝੇਵਿਆਂ ਲਈ ਜਾਂਦੇ ਸਮੇਂ ਲੋਕ ਆਪਣੇ ਪਰਿਵਾਰ, ਦੋਸਤਾਂ ਤੇ ਕੁਲੀਗਜ਼ ਦੇ ਸੰਪਰਕ ਵਿੱਚ ਰਹਿਣ। ਐਮਪੀਪੀ ਸਰਕਾਰੀਆ ਨੇ ਇਸ ਮੌਕੇ ਆਖਿਆ ਕਿ ਗੋ ਟਰੇਨਜ਼ ਤੇ ਬੱਸਾਂ ਵਿੱਚ ਮੁਫਤ ਵਾਈ-ਫਾਈ ਦੀ ਸਹੂਲਤ ਦੀ ਖਬਰ ਬਰੈਂਪਟਨ ਵਾਸੀਆਂ ਲਈ ਬਹੁਤ ਵਧੀਆ ਹੈ।

ਉਨ੍ਹਾਂ ਆਖਿਆ ਕਿ ਹਾਈਵੇਅਜ਼ 401 ਤੇ 409 ਤਹਿਤ ਬਣਾਈਆਂ ਜਾ ਰਹੀਆਂ ਦੋ ਨਵੀਆਂ ਗੋ ਰੇਲ ਟਨਲਜ਼ ਤੇ ਬਰੈਂਪਟਨ ਦੇ ਪਰਿਵਾਰਾਂ ਲਈ ਕਿਚਨਰ ਲਾਈਨ ਉੱਤੇ ਗੋ ਸੇਵਾ ਸ਼ੁਰੂ ਕਰਨ ਦੇ ਕੀਤੇ ਐਲਾਨ ਲਈ ਵੀ ਇਹ ਕਾਫੀ ਫਾਇਦੇਮੰਦ ਖਬਰ ਹੈ। ਇਹ ਦੋਵੇਂ ਚੀਜ਼ਾਂ ਰਲਾ ਕੇ ਅਸੀਂ ਬਰੈਂਪਟਨ ਵਾਸੀਆਂ ਲਈ ਮਿਥੇ ਆਪਣੇ ਟੀਚੇ ਨੂੰ ਹੋਰ ਵੀ ਬਿਹਤਰ ਢੰਗ ਨਾਲ ਨੇਪਰੇ ਚਾੜ੍ਹ ਸਕਾਂਗੇ। ਮੈਟਰੋਲਿੰਕਸ ਦੇ ਚੀਫ ਮਾਰਕਿਟਿੰਗ ਆਫਿਸ ਮਾਰਕ ਚਾਈਲਡਜ਼ ਨੇ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਸਾਡੇ ਕਸਟਮਰਜ਼ ਸਾਡੇ ਨਾਲ ਆਪਣੇ ਸਫਰ ਦੌਰਾਨ ਵੀ ਆਪਣਿਆਂ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਇਸੇ ਲਈ ਅਸੀਂ ਇਸ ਗੱਲ ਨੂੰ ਲੈ ਕੇ ਉਤਸ਼ਾਹਿਤ ਹਾਂ ਕਿ ਅਸੀਂ ਆਪਣੀਆਂ ਟਰੇਨਜ਼ ਤੇ ਬੱਸਾਂ ਵਿੱਚ ਵਾਈ-ਫਾਈ ਸੇਵਾ ਮੁਹੱਈਆ ਕਰਵਾ ਰਹੇ ਹਾਂ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਖੇਤ ਵਿੱਚ ਲੁਕਾਈ ਬੰਬ ਵਰਗੀ ਚੀਜ਼ ਕੱਢਣ ਵੇਲੇ ਧਮਾਕਾ ਹੋਣ ਦੇ ਨਾਲ ਦੋ ਨੌਜਵਾਨਾਂ ਦੀ ਮੌਤ

ਤਰਨ ਤਾਰਨ, 4 ਸਤੰਬਰ, (ਪੋਸਟ ਬਿਊਰੋ)- ਇਸ ਜ਼ਿਲਾ ਕੇਂਦਰ ਦੀ ਖਡੂਰ ਸਾਹਿਬ ਰੋਡ ਉੱਤੇ ਬੁੱਧਵਾਰ ਰਾਤ ਅੱਠ ਵਜੇ ਦੇ ਕਰੀਬ ਪਿੰਡ ਕਲੇਰ ਦੇ ਇਕ ਖੇਤ ਵਿਚ ਧਮਾਕਾ ਹੋਣ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ ਤੇ ਇਕ ਹੋਰ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਦੇਰ ਰਾਤ ਦੀ ਇਸ ਘਟਨਾ ਦੀ ਬਹੁਤੀ ਜਾਣਕਾਰੀ ਨਹੀਂ ਮਿਲ ਸਕੀ, ਪਰ ਨਾਲ ਲੱਗਦੇ ਪਿੰਡ ਬਚੜੇ ਦੇ ਸਰਪੰਚ ਕੁਲਵਿੰਦਰ ਸਿੰਘ ਦੇ ਮੁਤਾਬਕ ਇਸ ਧਮਾਕੇ ਦੀ ਗੂੰਜ ਚਾਰ ਕਿਲੋਮੀਟਰ ਤਕ ਸੁਣੀ ਗਈ। ਓਥੇ ਪਹੁੰਚੇ ਲੋਕਾਂ ਨੇ ਕਿਹਾ ਕਿ ਦੇਰ ਰਾਤ ਖੇਤਾਂ ਵਿੱਚ ਜਦੋਂ ਧਮਾਕਾ ਹੋਇਆ ਤਾਂ ਇਕ ਨੌਜਵਾਨ ਲਹੂ-ਲੁਹਾਨ ਹੋਇਆ ਸੜਕ ਵੱਲ ਨੂੰ ਭੱਜਦਾ ਵੇਖਿਆ ਗਿਆ ਸੀ। ਡੀ ਐੱਸ ਪੀ ਗੋਇੰਦਵਾਲ ਸਾਹਿਬ ਰਵਿੰਦਰਪਾਲ ਸਿੰਘ ਢਿੱਲੋਂ ਅਤੇ ਹੋਰ ਪੁਲਸ ਅਧਿਕਾਰੀ ਮੌਕੇ ਉੱਤੇ ਪੁੱਜੇ ਅਤੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ। ਰਾਤ ਸਾਢੇ 11 ਵਜੇ ਤਕ ਘਟਨਾ ਵਾਲੀ ਥਾਂਦੋਵੇਂ ਲਾਸ਼ਾਂ ਪਈਆਂ ਸਨ। ਮ੍ਰਿਤਕਾਂ ਦੀ ਪਛਾਣ ਹਰਪ੍ਰੀਤ ਸਿੰਘ ਪਿੰਡ ਬਚੜੇ ਅਤੇ ਵਿਕਰਮ ਸਿੰਘ ਵਿੱਕੀ ਪਿੰਡ ਕਦਗਿਲ ਵਜੋਂ ਹੋਈ ਹੈ। ਗੰਭੀਰ ਜ਼ਖ਼ਮੀ



ਨੌਜਵਾਨ ਗੁਰਜੰਟ ਸਿੰਘ ਜੰਟਾ ਏਸੇ ਪਿੰਡ ਬਚੜੇ ਦਾ ਰਹਿਣ ਵਾਲਾ ਹੈ।ਪੁਲਿਸ ਅਧਿਕਾਰੀਆਂ ਦੇ ਮੁਤਾਬਕ ਖੇਤ ਵਿੱਚ ਬੰਬ ਵਰਗੀ ਕੋਈ ਚੀਜ਼ ਲੁਕਾਉਣ ਲਈ ਦੱਬੀ ਹੋਈ ਸੀ, ਜਿਸ ਨੂੰ ਕੱਢਦੇ ਸਮੇਂ ਧਮਾਕਾ ਹੋਇਆ ਹੈ। ਡੀ ਐੱਸਪੀ ਰਵਿੰਦਰਪਾਲ ਸਿੰਘ ਢਿੱਲੋਂ ਦੇ ਮੁਤਾਬਕ ਫਿੰਗਰਪ੍ਰਿੰਟ ਮਾਹਿਰਾਂ ਅਤੇ ਬੰਬ ਨਕਾਰਾ ਕਰਨ ਵਾਲੇ ਦਸਤੇ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਇਸ ਘਟਨਾ ਦੇ ਪਿੱਛੇ ਖਾੜਕੂ ਕੁਨੈਕਸ਼ਨ ਦੀ ਜਾਂਚ ਕਰ ਰਹੀ ਹੈ। ਵਰਨਣ ਯੋਗ ਹੈ ਕਿ ਮ੍ਰਿਤਕ ਨੌਜਵਾਨ ਹਰਪ੍ਰੀਤ ਸਿੰਘ ਤੇ ਵਿਕਰਮ ਸਿੰਘ ਨੇ ਆਪਣੇ ਚਿਹਰੇ ਢੱਕੇ ਹੋਏ ਸਨ ਤੇ ਮੌਕੇ ਤੋਂ ਮਿਲੇ ਰੁਮਾਲ ਉੱਤੇ ਬਾਰੂਦ ਦੇ ਨਿਸ਼ਾਨ ਪਾਏ ਗਏ ਹਨ। ਇਨਵੈਸਟੀਗੇਸ਼ਨ ਦੇ ਐੱਸ ਪੀ ਹਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਕ ਨੌਜਵਾਨ ਕਲੀਨ ਸ਼ੇਵਡ ਸੀ ਅਤੇਦੂਸਰਾ ਮ੍ਰਿਤਕ ਨੌਜਵਾਨ ਕੇਸਧਾਰੀ ਸੀ ਅਤੇ ਜ਼ਖ਼ਮੀ ਨੌਜਵਾਨ ਵੀ ਕੇਸਧਾਰੀ ਹੈ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਐੱਮ.ਪੀ.ਪੀ. ਅਮਰਜੋਤ ਸੰਧੂ ਵੱਲੋਂ ਆਯੋਜਿਤ ਬਾਰ-ਬੀਕਿਊ ਵਿਚ ਲੱਗੀਆਂ ਖ਼ੂਬ ਰੌਣਕਾਂ

## -ਪ੍ਰੀਮੀਅਰ ਡੱਗ ਫ਼ੋਰਡ ਤੇ ਕਈ ਹੋਰ ਪੀ.ਸੀ. ਆਗੂ ਉਚੇਚੇ ਤੌਰ 'ਤੇ ਪਹੁੰਚੇ




ਬਰੈਂਪਟਨ, (ਡਾ. ਝੰਡ) - ਬੀਤੇ ਸ਼ਨੀਵਾਰ 31 ਅਗਸਤ ਨੂੰ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਵੱਲੋਂ ਬਾਅਦ ਦੁਪਹਿਰ 2.00 ਵਜੇ ਤੋਂ ਸ਼ਾਮ ਦੇ 5.00 ਵਜੇ ਤੀਕ ਆਯੋਜਿਤ ਕੀਤੇ ਗਏ ਬਾਰ-ਬੀਕਿਊ ਵਿਚ ਬਰੈਂਪਟਨ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਆਪਣੀ ਹਾਜ਼ਰੀ ਲੁਆਈ। ਮੇਨ ਸਟਰੀਟ ਅਤੇ ਗਲਿੰਘਮ ਰੋਡ ਦੀ ਵਿਸ਼ਾਲ ਪਾਰਕਿੰਗ ਵਿਚ ਬਾਰ-ਬੀਕਿਊ ਦੇ ਸਟਾਲਾਂ ਦੇ ਸਾਹਮਣੇ ਲੱਗੀ ਲੋਕਾਂ ਦੀ ਲੰਮੀ ਲਾਈਨ ਇਸ ਦੀ ਪੂਰੀ ਗਵਾਹੀ ਭਰ ਰਹੀ ਸੀ।

ਲੱਗਭੱਗ ਤਿੰਨ ਵਜੇ ਓਨਟਾਰੀਓ ਦੇ ਪ੍ਰੀਮੀਅਰ ਅਤੇ ਪੀ.ਸੀ.ਪਾਰਟੀ ਦੇ ਕਈ ਆਗੂਆਂ ਦੇ ਉੱਥੇ ਪਹੁੰਚਣ ਤੋਂ ਬਾਅਦ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਐੱਮ.ਪੀ.ਪੀ. ਅਮਰਜੋਤ ਸਿੰਘ ਨੇ ਆਪਣੇ ਸੰਬੋਧਨ ਵਿਚ ਪ੍ਰੀਮੀਅਰ ਡੱਗ ਫ਼ੋਰਡ, ਟਰੱਅਰੀ ਬੋਰਡ ਮੰਤਰੀ ਪੀਟਰ ਬੇਥਲੈੱਨਫਾਲਵੀ, ਅਟਾਰਨੀ ਜਨਰਲ ਡੱਗ ਡਾਊਨੀ, ਚੀਫ਼ ਗਵਰਨਮੈਂਟ ਵਿੱਪ ਲੌਰਨ ਕੋਅ, ਐਸੋਸੀਏਟ ਮਨਿਸਟਰ ਪ੍ਰਭਮੀਤ ਸਰਕਾਰੀਆ, ਅਲਬਰਟਾ ਦੇ ਮਨਿਸਟਰ ਆਫ਼ ਸਟਰੱਕਚਰ ਪ੍ਰਸਾਦ ਪਾਂਡਾ, ਡੌਨ ਵੈਲੀ ਨੌਰਥ ਦੇ ਐੱਮ.ਪੀ.ਪੀ. ਵਿਨਸੈਂਟ ਕੇਅ ਤੇ ਮਿਸੀਸਾਗਾ-ਮਾਲਟਨ ਦੇ ਐੱਮ.ਪੀ.ਪੀ. ਦੀਪਕ ਅਨੰਦ ਅਤੇ ਉੱਥੇ ਹਾਜ਼ਰ ਸਮੂਹ ਮਹਿਮਾਨਾਂ ਦਾ ਸੁਆਗ਼ਤ ਕਰਦੇ ਹੋਏ ਸੱਭਨਾਂ ਨੂੰ ਨਿੱਘੀ 'ਜੀ ਆਇਆਂ' ਕਹਿੰਦਿਆਂ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਪ੍ਰੀਮੀਅਰ ਫ਼ੋਰਡ ਦੇ ਖ਼ਾਸ ਤੌਰ 'ਤੇ ਧੰਨਵਾਦੀ ਹਨ ਜਿਨ੍ਹਾਂ ਉਨ੍ਹਾਂ ਦਾ ਉਸ ਦਿਨ ਸਵੇਰੇ ਟੋਰਾਂਟੋ ਤੋਂ ਬਾਹਰ ਕੋਈ ਪ੍ਰੋਗਰਾਮ ਸੀ ਜਿਸ ਨੂੰ ਜਲਦੀ ਭੁਗਤਾ ਕੇ ਉਹ ਇੱਥੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਨ। ਓਨਟਾਰੀਓ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਪ੍ਰੀਮੀਅਰ ਡੱਗ ਫ਼ੋਰਡ ਦੀ ਅਗਵਾਈ ਵਿਚ ਸਰਕਾਰ ਨੇ ਇਸ ਥੋੜ੍ਹੇ ਜਿਹੇ ਆਪਣੇ ਕਾਰਜ-ਕਾਲ ਵਿਚ ਸੂਬੇ ਦੀ ਆਰਥਿਕ ਹਾਲਤ ਸੁਧਾਰਨ ਲਈ ਕਈ ਕਾਰਜਸ਼ੀਲ ਕਦਮ ਲਏ ਹਨ ਜਿਨ੍ਹਾਂ ਨਾਲ ਸੂਬੇ ਦੇ ਲੋਕਾਂ ਨੂੰ ਲਾਭ ਹੋਵੇਗਾ।

ਪ੍ਰੀਮੀਅਰ ਡੱਗ ਫ਼ੋਰਡ ਨੇ ਇਸ ਮੌਕੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਓਨਟਾਰੀਓ ਸੂਬੇ ਨੂੰ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਕੱਢ ਕੇ ਇਸ ਨੂੰ ਆਪਣੇ ਪੈਰਾਂ 'ਤੇ ਖੜਾ ਕਰਨਾ ਚਾਹੁੰਦੇ ਹਨ। ਇਸ ਦੇ ਲਈ ਪਿਛਲੀ ਸਰਕਾਰ ਦੀਆਂ ਕੁਝ ਯੋਜਨਾਵਾਂ ਉੱਪਰ ਕੱਟ ਲਗਾਏ ਜਾ ਰਹੇ ਹਨ ਜੋ ਲੰਮੇਂ ਸਮੇ ਲਈ ਸੂਬੇ ਦੇ ਲੋਕਾਂ ਦੇ ਹਿੱਤ ਵਿਚ ਹੋਣਗੇ। ਅਮਰਜੋਤ ਸੰਧੂ ਦੀ ਪਿੱਠ ਥਾਪੜਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਮੇਰੀ ਪਾਰਟੀ ਅਤੇ ਸਰਕਾਰ ਵਿਚ ਅਮਰਜੋਤ ਸੰਧੂ ਵਰਗੇ ਊਰਜਾ ਭਰਪੂਰ ਨੌਜੁਆਨ ਸ਼ਾਮਲ ਹਨ ਜੋ ਬੜੀ ਮਿਹਨਤ ਨਾਲ ਆਪੋ ਆਪਣੇ ਹਲਕਿਆਂ ਅਤੇ ਕਮਿਊਨਿਟੀਆਂ ਵਿਚ ਬਹੁਤ ਵਧੀਆ ਕੰਮ ਕਰ ਰਹੇ ਹਨ ਅਤੇ ਮੈਨੂੰ ਇਨ੍ਹਾਂ ਉੱਪਰ ਪੂਰਾ ਮਾਣ ਹੈ।

ਇਸ ਮੌਕੇ ਹਾਜ਼ਰ ਪੀ.ਸੀ.ਪਾਰਟੀ ਦੇ ਕੁਝ ਹੋਰ ਆਗੂਆਂ ਨੇ ਵੀ ਸੰਖੇਪ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ। ਮਿਸੀਸਾਗਾ ਦੇ ਐੱਮ.ਪੀ.ਪੀ. ਦੀਪਕ ਅਨੰਦ ਨੇ ਪ੍ਰੀਮੀਅਰ ਫ਼ੋਰਡ ਅਤੇ ਆਏ ਸਮੂਹ ਮਹਿਮਾਨਾਂ ਦਾ ਉੱਥੇ ਆਉਣ ਲਈ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਏਕੇ ਵਿਚ ਬੜੀ ਬਰਕਤ ਹੁੰਦੀ ਹੈ ਅਤੇ ਅਸੀ ਸਾਰੇ ਮਿਲ ਕੇ ਓਨਟਾਰੀਓ ਪ੍ਰੋਵਿੰਸ ਦੀ ਭਲਾਈ ਲਈ ਕੰਮ ਕਰ ਰਹੇ ਹਾਂ। ਉਨ੍ਹਾਂ 21 ਅਕਤੂਬਰ ਨੂੰ ਆ ਰਹੀਆਂ ਫੈੱਡਰਲ ਚੋਣਾਂ ਦੇ ਉਮੀਦਵਾਰਾਂ ਰਮਨਦੀਪ ਬਰਾੜ, ਰਮੋਨਾ ਸਿੰਘ, ਅਰਪਨ ਖੰਨਾ ਤੇ ਹੋਰਨਾਂ ਨੂੰ ਸਟੇਜ 'ਤੇ ਬੁਲਾ ਕੇ ਓਨ੍ਹਾਂ ਦੀ ਜਾਣ-ਪਛਾਣ ਵੀ ਕਰਵਾਈ।

# ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੇ ਫਿਰ ਦਫਤਰ ਆਉਣਾ ਛੱਡਿਆ



ਚੰਡੀਗੜ੍ਹ, 4 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੀ ਰਾਜ ਕਰਦੀ ਕਾਂਗਰਸ ਪਾਰਟੀ ਦੇ ਲੀਡਰਾਂ ਵਿੱਚ ਮੱਤਭੇਦਾਂ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਲਈ ਇਕ ਹੋਰ ਸੰਕਟ ਖੜਾ ਹੁੰਦਾ ਦਿਖਾਈ ਦੇਂਦਾ ਹੈ। ਮੁੱਖ ਮੰਤਰੀ ਦਫ਼ਤਰ ਵਿੱ-ਚਅੱਜ ਬੁੱਧਵਾਰ ਤੋਂ ਉਨ੍ਹਾਂ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੇ ਫਿਰ ਅਸਤੀਫ਼ਾ ਦੇਣ ਦੀ ਚਰਚਾ ਚੱਲ ਪਈ ਹੈ। ਪਤਾ ਲੱਗਾ ਹੈ ਕਿ ਅੱਜ ਸਵੇਰੇ ਹੀ ਉਹ ਅੱਜ ਦਫਤਰ ਆ ਕੇ ਆਪਣਾ ਨਿੱਜੀ ਸਮਾਨ ਲੈ ਕੇ ਦਫਤਰ ਖਾਲੀ ਕਰ ਗਏ ਹਨ। ਅਫਸਰ ਦੱਸਦੇ ਹਨ ਕਿ ਸੁਰੇਸ਼ ਕੁਮਾਰ ਨੇ ਉਨ੍ਹਾਂ ਕੋਲ ਆਈਆਂ ਵਿਭਾਗੀ ਫਾਈਲਾਂ ਮੁੱਖ ਮੰਤਰੀ ਦਫਤਰ ਦੇ ਹੋਰ ਅਫਸਰਾਂ ਨੂੰ ਸੌਂਪ ਦਿੱਤੀਆਂ ਤੇ ਉਨ੍ਹਾਂ ਨਾਲ ਲੰਬੀ ਬੈਠਕ ਕਰ ਕੇ ਲਟਕਦੇ ਕੇਸ ਨਿਪਟਾ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵੇਲੇਦਿੱਲੀ ਵਿੱਚ ਹਨ ਤੇ ਇਸ ਸਥਿਤੀ ਕਾਰਨ ਛੇਤੀ ਚੰਡੀਗੜ੍ਹ ਪਹੁੰਚ ਸਕਦੇ ਹਨ। ਸੁਰੇਸ਼ ਕੁਮਾਰ ਦੋ ਦਿਨ ਦਿੱਲੀ ਵਿੱਚ ਮੁੱਖ ਮੰਤਰੀ ਦੇ ਨਾਲ ਵੱਖ-ਵੱਖ ਬੈਠਕਾਂ ਵਿੱਚ ਸ਼ਾਮਲ ਹੋਣ ਪਿੱਛੋਂ ਜਦੋਂ ਦਫ਼ਤਰ ਆਏ ਤਾਂ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਦੀਆਂ ਆਪਣੇ ਕੋਲ ਆਈਆਂ ਫਾਈਲਾਂ ਨੂੰ ਮੁੱਖ ਮੰਤਰੀ ਦਫਤਰ ਦੇ ਹੋਰ ਅਧਿਕਾਰੀਆਂ ਵਿੱਚ ਵੰਡ ਦਿੱਤਾ। ਇਸ ਮੌਕੇ ਉਨ੍ਹਾ ਨੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਸੈਕਟਰੀ ਤੇਜਵੀਰ ਸਿੰਘ ਅਤੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਗੁਰਕੀਰਤ ਕ੍ਰਿਪਾਲ ਸਿੰਘ ਨਾਲ ਲੰਬੀ ਬੈਠਕ ਕੀਤੀ ਤੇ ਲਟਕਦੇ ਸਾਰੇ ਕੰਮ ਨਿਪਟਾਉਣ ਪਿੱਛੋਂ ਸਵਾ ਦੋ ਵਜੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਚਲੇ ਗਏ। ਅੱਜ ਬੁੱਧਵਾਰ ਸੁਰੇਸ਼ ਕੁਮਾਰ ਵੱਲੋਂ ਦੁਪਹਿਰ ਤਕ ਬੈਠਕਾਂ ਦਾ ਚੱਕਰ ਚੱਲਦਾ ਰਿਹਾ ਅਤੇ ਸਾਰੀਆਂ ਫਾਈਲਾਂ ਸਿਰੇ ਲਾ ਦਿੱਤੀਆਂ ਗਈਆਂ। ਪਤਾ ਲੱਗਾ ਹੈ ਕਿ ਉਨ੍ਹਾਂ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਨਾਲ ਲੰਬੀ ਬੈਠਕ ਕੀਤੀ ਤੇ ਜਦੋਂ ਓਥੋਂ ਨਿਕਲੇ ਤਾਂ ਕੈਪਟਨ ਅਮਰਿੰਦਰ ਸਿੰਘ ਦੇ ਦੋਹਤੇ ਨਿਰਵਾਣ ਸਿੰਘ ਵੀ ਉਨ੍ਹਾ ਨਾਲ ਉਨ੍ਹਾਂ ਦੇ ਘਰ ਤੱਕ ਗਏ। ਸੁਰੇਸ਼ ਕੁਮਾਰ ਦੇ ਪਿੱਛੋਂ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਓਥੇ ਆਏ, ਪਰ ਸਿਰਫ਼ 20 ਮਿੰਟ ਰੁਕੇ, ਕਿਉਂਕਿ ਬਟਾਲੇ ਦੀ ਪਟਾਕਾ ਫੈਕਟਰੀ ਵਿੱਚ ਧਮਾਕੇ ਕਾਰਨਉਨ੍ਹਾਂਨੇ ਘਟਨਾ ਵਾਲੀ ਥਾਂ ਜਾਣਾ ਸੀ।

*** ਕਾਂਗਰਸੀ ਆਗੂਆਂ ਨਾਲ ਵਿਰੋਧਾਂ ਕਾਰਨ ਅਸਤੀਫ਼ਾ ਦੇਣ ਦੀ ਅਫਵਾਹ**

ਇਸ ਦੌਰਾਨ ਸੁਰੇਸ਼ ਕੁਮਾਰ ਦੇ ਅਸਤੀਫ਼ੇ ਬਾਰੇਕੋਈ ਅਫਸਰ ਜਾਂ ਆਗੂ ਰਸਮੀ ਪੁਸ਼ਟੀ ਨਹੀਂ ਕਰ ਰਿਹਾ, ਪਰ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਜਾਂ ਇਸ ਦੀ ਤਿਆਰੀਹੈ, ਜਿਹੜਾ ਮੁੱਖ ਮੰਤਰੀ ਨੂੰ ਹਾਲੇ ਨਹੀਂ ਸੌਂਪਿਆ। ਚਰਚਾ ਹੈ ਕਿ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਉਨ੍ਹਾਂ ਨੂੰ ਮਨਾਉਣ ਦੇ ਯਤਨ ਕਰ ਰਹੇ ਹਨ।ਇਸ ਦੌਰਾਨ ਖਬਰ ਹੈ ਕਿ ਸੁਰੇਸ਼ ਕੁਮਾਰ ਆਪਣੇ ਖਿਲਾਫ ਹਾਈ ਕੋਰਟ ਵਿੱਚ ਚੱਲਦੇ ਕੇਸ ਤੋਂ ਕਾਫੀ ਨਾਰਾਜ਼ ਸਨ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਕੇਸ ਜਾਣ-ਬੁੱਝ ਕੇ ਚੱਲਦਾ ਰੱਖਿਆ ਜਾ ਰਿਹਾ ਹੈ। ਦੂਸਰੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਚਾਰ ਸਾਲ ਪੁਰਾਣੇ ਕੇਸ ਵਿੱਚਸੀ ਬੀ ਆਈ ਦੀ ਭੂਮਿਕਾ ਬਾਰੇ ਵੀ ਕੁਝ ਮੰਤਰੀ ਉਨ੍ਹਾਂ ਵਿਰੁੱਧ ਲਗਾਤਾਰ ਪ੍ਰਚਾਰ ਕਰਦੇ ਅਤੇਦਬਾਅ ਪਾ ਰਹੇ ਹਨ ਕਿ ਬਾਦਲਪਰਿਵਾਰ ਵਿਰੁੱਧ ਕਾਰਵਾਈ ਤੇਜ਼ ਕੀਤੀ ਜਾਵੇ। ਕਿਹਾ ਜਾਂਦਾ ਹੈ ਕਿ ਉਹ ਮੰਤਰੀ ਇਹ ਸ਼ੱਕ ਕਰਦੇ ਹਨ ਕਿ ਮੁੱਖ ਮੰਤਰੀ ਦਫ਼ਤਰ ਵਿੱਚ ਬੈਠੇ ਅਧਿਕਾਰੀ ਇਹ ਕਾਰਵਾਈ ਨਹੀਂ ਹੋਣ ਦੇਂਦੇ ਤੇ ਇਸ ਵਿੱਚ ਉਨ੍ਹਾਂ ਸਾਰਿਆਂ ਦਾ ਇਸ਼ਾਰਾ ਸੁਰੇਸ਼ ਕੁਮਾਰ ਵੱਲ ਕੀਤਾ ਜਾਂਦਾ ਜਾਪਦਾ ਹੈ। ਇਸ ਕਾਰਨਸੁਰੇਸ਼ ਕੁਮਾਰ ਪਿਛਲੇ ਕਈ ਦਿਨਾਂ ਤੋਂ ਨਾਰਾਜ਼ ਚੱਲ ਰਹੇ ਸਨ ਅਤੇ ਸੰਬੰਧਤ ਮੰਤਰੀਆਂ ਨੇ ਵੀ ਇਸ ਬਾਰੇ ਕੁਝ ਦਿਨਾਂ ਤੋਂ ਚੁੱਪ ਧਾਰ ਰੱਖੀ ਹੈ।

ਵਰਨਣ ਯੋਗ ਹੈ ਕਿ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੇ ਦੂਸਰੀ ਵਾਰੀ ਇਸ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ। ਇਸ ਤੋਂ ਪਹਿਲਾਂ ਤਿੰਨ ਅਗਸਤ 2017 ਨੂੰ ਜਦੋਂ ਉਨ੍ਹਾਂ ਦੀ ਨਿਯੁਕਤੀ ਨੂੰ ਮੋਹਾਲੀ ਦੇ ਇਕ ਵਕੀਲ ਰਮਨਦੀਪ ਸਿੰਘ ਨੇ ਚੁਣੌਤੀ ਦਿੱਤੀ ਸੀ, ਓਦੋਂ ਵੀ ਉਨ੍ਹਾਂ ਅਸਤੀਫ਼ਾ ਦਿੱਤਾ ਸੀ। ਇਹ ਆਮ ਰਾਏ ਹੈ ਕਿ ਇਹ ਕੇਸ ਪੰਜਾਬ ਸਰਕਾਰ ਦੇ ਕੁਝ ਅਫਸਰਾਂਤੇ ਅਕਾਲੀ ਆਗੂਆਂ ਨੇ ਦਾਇਰ ਕਰਵ-ਾਇਆ ਸੀ। ਸੁਰੇਸ਼ ਕੁਮਾਰ ਇਸ ਲਈ ਨਾਰਾਜ਼ ਸਨ ਅਤੇ ਉਨ੍ਹਾਂ ਨੇ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੱਸ ਦਿੱਤਾ ਸੀ, ਪਰ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਅਸਤੀਫ਼ਾ ਨਾ ਦੇਣ ਲਈ ਮਨਾ ਕੇ ਕਿਹਾ ਸੀ ਕਿ ਜਦੋਂ ਤਕ ਉਹ ਮੁੱਖ ਮੰਤਰੀ ਹਨ, ਸੁਰੇਸ਼ ਕੁਮਾਰ ਏਦਾਂ ਹੀ ਕੰਮ ਕਰਦੇ ਰਹਿਣਗੇ।

# ਮਨੀ ਲਾਂਡਰਿੰਗ ਕੇਸ: ਈ ਡੀ ਨੇ ਕਾਂਗਰਸ ਨੇਤਾ ਸ਼ਿਵਕੁਮਾਰ ਨੂੰ ਗ੍ਰਿਫ਼ਤਾਰ ਕੀਤਾ

ਬੈਂਗਲੁਰੂ, 4 ਸਤੰਬਰ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਮਨੀ ਲਾਂਡਰਿੰਗ ਕੇਸ ਵਿੱਚਕਰਨਾਟਕ ਦੇ ਕਾਂਗਰਸ ਆਗੂ ਡੀਕੇ ਸ਼ਿਵ ਕੁਮਾਰ ਦੀ ਗ੍ਰਿਫ਼ਤਾਰੀ ਪਿੱਛੋਂ ਕਰਨਾਟਕਦੀ ਸਿਆਸਤ ਭਖਣ ਲੱਗੀ ਤੇ ਇਸ ਰਾਜ ਵਿੱਚ ਹਿੰਸਕ ਪ੍ਰਦਰਸ਼ਨ ਹੋਣ ਲੱਗ ਪਏ ਹਨ। ਮੰਗਲਵਾਰ ਦੇਰ ਰਾਤ ਰਾਮਨਗਰ ਵਿੱਚ ਦੋ ਬੱਸਾਂ ਸਾੜਨ ਦੇ ਇਲਾਵਾ ਕਈ ਹੋਰ ਬੱਸਾਂ ਉੱਤੇ ਪੱਥਰਬਾਜ਼ੀ ਵੀ ਕੀਤੀ ਗਈ ਹੈ।

*** ਗ੍ਰਿਫ਼ਤਾਰੀ ਤੋਂ ਬਾਅਦ ਹਿੰਸਕ ਪ੍ਰਦਰਸ਼ਨ, ਸਕੂਲ-ਕਾਲਜ ਬੰਦ**

ਇਸ ਦੌਰਾਨ ਕਾਂਗਰਸੀ ਆਗੂ ਡੀ ਕੇ ਸ਼ਿਵਕੁਮਾਰ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਅੱਜ ਰਾਮਨਗਰ ਵਿਚਲੇ ਸਾਰੇ ਸਕੂਲਾਂਤੇ ਕਾਲਜਾਂ ਨੂੰ ਬੰਦ ਰੱਖਿਆ ਗਿਆ ਅਤੇ ਹਾਲਾਤ ਕਾਬੂ ਵਿੱਚ ਰੱਖਣ ਲਈ ਰਾਮਨਗਰ ਵਿੱਚ ਭਾਰੀ ਸੁਰੱਖਿਆ ਬਲ ਤਾਇਨਾਤ ਕਰ ਦਿੱਤੀ ਗਈ ਹੈ।ਡੀਕੇ ਸ਼ਿਵ ਕੁਮਾਰ ਦੇ ਭਰਾ ਸੁਰੇਸ਼ ਕੁਮਾਰ ਦਾ ਵੀ ਇਸ ਦੌਰਾਨ ਬਿਆਨ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਦੇ ਭਰਾ ਨੂੰ ਅਧਿਕਾਰੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਚਾਰ ਦਿਨਾਂ ਤੋਂ ਡੀਕੇ ਸ਼ਿਵ ਕੁਮਾਰ ਕੋਲੋਂਈ ਡੀ ਵੱਲੋਂਦਿੱਲੀ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਸੀ। ਇਸ ਤੋਂ ਬਾਅਦ ਮੰਗਲਵਾਰ ਸ਼ਾਮ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਆਪਣੀ ਗ੍ਰਿਫ਼ਤਾਰੀ ਸਬੰਧੀ ਸ਼ਿਵ ਕੁਮਾਰ ਨੇ ਟਵੀਟ ਕਰਦੇ ਹੋਏ ਇਸ ਨੂੰ ਭਾਜਪਾ ਦੀ ਬਦਲਾ ਲਊ ਕਾਰਵਾਈ ਕਰਾਰ ਦਿੱਤਾ ਸੀ।

# ਓਨਟਾਰੀਓ ਥੀਏਟਰ ਐਂਡ ਆਟਰਸ ਅਤੇ ਫੁਲਕਾਰੀ ਮੀਡੀਆ ਵੱਲੋਂ ਨਾਟਕ 'ਰਿਸ਼ਤੇ' ਦਾ ਮੰਚਨ 6 ਅਕਤੂਬਰ ਨੂੰ



ਬਰੈਂਪਟਨ, 4 ਸਤੰਬਰ (ਡਾ. ਝੰਡ): ਜੀ.ਟੀ.ਏ. ਦੇ ਉੱਘੇ ਰੰਗਮੰਚ-ਕਰਮੀ ਜਸਪਾਲ ਢਿੱਲੋਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਓਨਟਾਰੀਓ ਥੀਏਟਰ ਐਂਡ ਆਰਟਸ ਅਤੇ ਫੁਲਕਾਰੀ ਮੀਡੀਆ ਦੀ ਸਾਂਝੀ ਪ੍ਰੋਡਕਸ਼ਨ ਨਾਟਕ 'ਰਿਸ਼ਤੇ' 6 ਅਕਤੂਬਰ ਨੂੰ ਚਿੰਗਕੂਜ਼ੀ ਪਬਲਿਕ ਸਕੂਲ ਵਿਖੇ ਸ਼ਾਮ ਦੇ 3.30 ਵਜੇ ਖੇਡਿਆ ਜਾ ਰਿਹਾ ਹੈ। ਇਹ ਸਕੂਲ 1370 ਵਿਲੀਅਮ ਪਾਰਕਵੇਅ ਵਿਖੇ ਸਥਿਤ ਹੈ।

ਇਸ ਨਾਟਕ ਵਿਚ ਲਿਵਲੀਨ, ਹਰਪ੍ਰੀਤ ਢਿੱਲੋਂ, ਸੁਰਜੀਤ ਢੀਂਡਸਾ, ਜਸਪਾਲ ਢਿੱਲੋਂ, ਪਰਮਜੀਤ ਦਿਓਲ, ਜੋਗਿੰਦਰ ਸੰਘੇੜਾ, ਕੁਲਦੀਪ ਗਰੇਵਾਲ, ਕਮਲ ਸ਼ਰਮਾ, ਗੁਰਨੂਰ, ਸ਼ਿੰਦਰਪਾਲ ਬਰਾੜ, ਅਮਨਦੀਪ ਗਿੱਲ ਆਦਿ ਪੰਜਾਬੀ ਥੀਏਟਰ ਦੇ ਜਾਣੇ-ਪਛਾਣੇ ਚਿਹਰੇ ਭਾਗ ਲੈ ਰਹੇ ਹਨ। ਨਾਟਕ ਦੀ ਨਿਰਦੇਸ਼ਨਾ ਜਸਪਾਲ ਢਿੱਲੋਂ ਕਰ ਰਹੇ ਹਨ। ਗੀਤ ਉਂਕਾਰਪ੍ਰੀਤ ਦੇ ਹਨ ਅਤੇ ਇਨ੍ਹਾਂ ਨੂੰ ਆਵਾਜ਼ ਅਤੀ ਸੁਰੀਲੀ ਆਵਾਜ਼ ਦੇ ਮਾਲਕ ਰਾਜ ਘੁੰਮਣ ਦੇਣਗੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਟੀਮ ਵੱਲੋਂ ਇਸ ਤੋਂ ਪਹਿਲਾਂ 'ਨਿਰਲੱਜ','ਹਿੰਦ ਦੀ ਚਾਦਰ','ਤੂਤਾਂ ਵਾਲਾ ਖੂਹ','ਸਾਡੇ ਤੀਹ ਦਿਨ','ਮਿਰਚ ਮਸਾਲਾ' ਅਤੇ ਹੋਰ ਬਹੁਤ ਸਾਰੇ ਨਾਟਕ ਸਫ਼ਲਤਾ ਪੂਰਵਕ ਖੇਡੇ ਜਾ ਚੁੱਕੇ ਹਨ ਜਿਨ੍ਹਾਂ ਨੂੰ ਨਾਟਕ-ਪ੍ਰੇਮੀਆਂ ਵੱਲੋਂ ਬੇਹੱਦ ਸਲਾਹਿਆ ਗਿਆ ਹੈ। ਪ੍ਰਬੰਧਕਾਂ ਨੂੰ ਪੂਰੀ ਉਮੀਦ ਹੈ ਕਿ ਲੋਕ ਇਸ ਨਾਟਕ ਨੂੰ ਵੇਖਣ ਲਈ ਵੀ ਲੋਕ ਵੱਡੀ ਗਿਣਤੀ ਵਿਚ ਆਉਣਗੇ।

ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਰਾਜ ਘੁੰਮਣ ਨੂੰ 647-457-1320, ਜਸਪਾਲ ਢਿੱਲੋਂ ਨੂੰ 416-564-9290 ਜਾਂ ਇੰਦਰਜੀਤ ਢਿੱਲੋਂ ਨੂੰ 416-451-9290 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਫ਼ੈੱਡਰਲ ਲਿਬਰਲ ਸਰਕਾਰ ਕੈਨੇਡਾ ਦੇ ਨਾਗਰਿਕਾਂ ’ਚ ਇੱਨਵੈੱਸਟ ਕਰਨ ’ਚ ਯਕੀਨ ਕਰਦੀ ਹੈ, ਨਾ ਕਿ ਕੱਟ ਲਗਾਉਣ ’ਚ : ਸੋਨੀਆ ਸਿੱਧੂ

ਬਰੈਂਪਟਨ: ਲਿਬਰਲ ਸਰਕਾਰ ਵੱਲੋਂ ਨੈਸ਼ਨਲ ਫ਼ਾਰਮਾਕੇਅਰ ਰਾਹੀਂ ਕੈਨੇਡੀਅਨ ਨਾਗਰਿਕਾਂ ਨੂੰ ਦਵਾਈਆਂ ਦੀਆਂ ਵੱਧ ਕੀਮਤਾਂ ਤੋਂ ਬਚਾਉਣ ਅਤੇ ਦਵਾਈਆਂ ਨੂੰ ਵਧੇਰੇ ਕਿਫ਼ਾਇਤੀ ਬਣਾਉਣ ਦੇ ਸਾਧਨ ਪ੍ਰਦਾਨ ਕੀਤੇ ਜਾਣ ਦਾ ਅਹਿਮ ਐਲਾਨ ਕੀਤਾ ਗਿਆ ਹੈ। ਸਰਕਾਰ ਵੱਲੋਂ ਲਏ ਗਏ ਇਸ ਅਹਿਮ ਫ਼ੈਸਲੇ ਦੇ ਨਾਲ ਕੈਨੇਡੀਅਨ ਆਉਣ ਵਾਲੇ 10 ਸਾਲਾਂ 'ਚ $13 ਬਿਲੀਅਨ ਤੱਕ ਦੀ ਬੱਚਤ ਕਰ ਸਕਣਗੇ।

ਫ਼ੈਡਰਲ ਲਿਬਰਲ ਸਰਕਾਰ ਵੱਲੋਂ ਹੈੱਲਥਕੇਅਰ ਅਤੇ ਫ਼ਾਰਮਾਕੇਅਰ ਸਬੰਧੀ ਚੁੱਕੇ ਗਏ ਕਦਮਾਂ ਬਾਰੇ ਗੱਲ ਕਰਦਿਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ, "ਮੈਂ ਆਪ ਹੈੱਲਥਕੇਅਰ ਪ੍ਰੋਫੈਸ਼ਨ ਦੇ ਕਿੱਤੇ ’ਚ 18 ਸਾਲ ਕੰਮ ਕੀਤਾ ਹੈ, ਜਿਸ ਕਾਰਨ ਮੈਨੂੰ ਕਿਫ਼ਾਇਤੀ ਸਿਹਤ ਸੇਵਾਵਾਂ ਅਤੇ ਫ਼ਾਰਮਾਕੇਅਰ ਦੀ ਅਹਿਮੀਅਤ ਦਾ ਅੰਦਾਜ਼ਾ ਹੈ। ਉਨ੍ਹਾਂ ਕਿਹਾ ਕਿ ਕਿਫ਼ਾਇਤੀ ਸਿਹਤ ਸੇਵਾਵਾਂ, ਸਸਤੀਆਂ ਦਵਾਈਆਂ ਅਤੇ ਸਿਹਤ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਫ਼ੈਡਰਲ ਲਿਬਰਲ ਸਰਕਾਰ ਵੱਲੋਂ ਕੈਨੇਡਾ ਦੇ ਨਾਗਰਿਕਾਂ ਲਈ ਕਈ ਅਹਿਮ ਫੈਸਲੇ ਲਏ ਗਏ ਹਨ ਜੋ ਕਿ ਭਵਿੱਖ ’ਚ ਉਹਨਾਂ ਲਈ ਕਾਫੀ ਲਾਹੇਵੰਦ ਹੋਣਗੇ।"

ਅੱਗੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ,"ਬਤੌਰ ਮੈਂਬਰ ਆਫ਼ ਸਟੈਂਡਿੰਗ ਕਮੇਟੀ ਆਫ ਹੈੱਲਥ, ਮੈਂ ਇਨ੍ਹਾਂ ਚਾਰ ਸਾਲਾਂ ’ਚ ਡਾਇਬੇਟੀਜ਼ ਦੀ ਰੋਕਥਾਮ ਤੇ ਜਾਗਰੂਕਤਾ ਲਈ ਬਹੁਤ ਮਿਹਨਤ ਨਾਲ ਕੰਮ ਕੀਤਾ ਹੈ। ਜਿਸ ਸਦਕਾ ਮੇਰਾ ਮੋਸ਼ਨ ਐੱਮ-173 ਹਾਊਸ ਆਫ ਕਾਮਨਜ਼ ’ਚ ਪਾਸ ਹੋਇਆ ਅਤੇ ਹੁਣ ਨਵੰਬਰ ਨੂੰ ਡਾਇਬਟੀਜ਼ ਜਾਗਰੂਕਤਾ ਮਹੀਨਾ ਵਜੋਂ ਮਨਾਇਆ ਜਾਵੇਗਾ ਜੋ ਕਿ ਇੱਕ ਵੱਡੀ ਉਪਲਬਧੀ ਹੈ। ਸਿਹਤ ਮੰਤਰੀ ਜੀਨੇਟ ਪੇਟਿਟਪਸ ਟੇਲਰ ਵੱਲੋਂ ਬਰੈਂਪਟਨ ਵਿਚ ਡਾਇਬਟੀਜ਼ ਦੀ ਰੋਕਥਾਮ ਲਈ ਮਹੱਤਵਪੂਰਨ ਐਲਾਨ ਕੀਤਾ ਗਿਆ ਜਿਸ ਮੁਤਾਬਕ ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਵੱਲੋਂ ਐੱਲ.ਐੱਮ.ਸੀ. ਹੈੱਲਥਕੇਅਰ ਨਾਲ ਮਿਲਕੇ ਡਾਇਬਟੀਜ਼ ਪ੍ਰੀਵੈੱਸ਼ਨ ਪ੍ਰੋਗਰਾਮ ਵਿੱਚ ਚਾਰ ਸਾਲਾਂ ਲਈ $4.5 ਮਿਲੀਅਨ ਤੱਕ ਦਾ ਨਿਵੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਸਿਹਤਮੰਦ ਭੋਜਨ ਸਬੰਧੀ ਜਾਗਰੂਕਤਾ ਫ਼ੈਲਾਉਣ ਲਈ ਤੱਥਾਂ ’ਤੇ ਅਧਾਰਿਤ ਕੈਨੇਡਾ ਫ਼ੂਡ ਗਾਈਡ ਦਾ 26 ਭਾਸ਼ਾਵਾਂ ’ਚ ਅਨੁਵਾਦ ਕੀਤਾ ਗਿਆ ਅਤੇ ਸਿਹਤ ਮੰਤਰੀ ਵੱਲੋਂ ਬਰੈਂਪਟਨ ਵਿਚ ਇਹ ਫ਼ੂਡ ਗਾਈਡ ਰਿਲੀਜ਼ ਕੀਤੀ ਗਈ, ਜਿਸ ਨਾਲ ਹੁਣ ਲੋਕ ਸਿਹਤਮੰਦ ਖਾਣੇ ਦੀ ਆਸਾਨੀ ਨਾਲ ਆਪਣੀ ਭਾਸ਼ਾ ’ਚ ਚੋਣ ਕਰ ਸਕਣਗੇ।

ਐੱਮ.ਪੀ. ਬਰੈਂਪਟਨ ਸਾਊਥ ਨੇ ਦੱਸਿਆ ਕਿ ਸਥਾਨਕ ਪੱਧਰ ’ਤੇ ਫ਼ੈਡਰਲ ਸਰਕਾਰ ਵੱਲੋਂ ਦਿੱਤੀਆਂ ਫੰਡਿੰਗਾਂ ਵਿਚ ਕੈਂਸਰ ਰਿਸਰਚ ਲਈ ਟੈਰੀ ਫ਼ਾਕਸ ਸੈਂਟਰ ਨੂੰ $ 50 ਮਿਲੀਅਨ ਦੀ ਫ਼ੰਡਿੰਗ ਦਿੱਤੀ ਗਈ। ਕੈਨੇਡਾ ਦੀ ਪਹਿਲੀ ਨੈਸ਼ਨਲ ਡਾਇਮੈਨਸ਼ੀਆ ਸਟ੍ਰੈਟਜੀ ਨੂੰ ਸਪੋਰਟ ਕਰਨ ਲਈ $50 ਮਿਲੀਅਨ ਦੀ ਫ਼ੰਡਿੰਗ ਦਿੱਤੀ ਗਈ।

ਸੋਨੀਆ ਸਿੱਧੂ ਨੇ ਕਿਹਾ ਕਿ ਮੌਜੂਦਾ ਸਰਕਾਰ ਹੈੱਲਥਕੇਅਰ, ਅਤੇ ਐਜੂਕੇਸ਼ਨ ਜਿਹੀਆਂ ਲੋੜੀਂਦੀਆਂ ਸੇਵਾਵਾਂ ਜਿਨ੍ਹਾਂ ’ਤੇ ਕੈਨੇਡਾ ਦੇ ਨਾਗਰਿਕ ਨਿਰਭਰ ਕਰਦੇ ਹਨ, ਉੱਪਰ ਕੱਟ ਲਗਾਉਣ ’ਚ ਯਕੀਨ ਨਹੀਂ ਕਰਦੀ, ਬਲਕਿ ਫ਼ੈੱਡਰਲ ਲਿਬਰਲ ਸਰਕਾਰ ਨੈਸ਼ਨਲ ਫ਼ਾਰਮਾਕੇਅਰ ਜਿਹੇ ਅਹਿਮ ਫੈਸਲਿਆਂ ਨਾਲ ਕੈਨੇਡਾ ਦੇ ਨਾਗਰਿਕਾਂ ’ਚ ਇਨਵੈੱਸਟ ਕਰਨ ਵਿਚ ਯਕੀਨ ਕਰਦੀ ਹੈ ਕਿਓਂਕਿ ਮਾਨਸਿਕ ਅਤੇ ਸਰੀਰਕ ਤੌਰ ’ਤੇ ਸਿਹਤਮੰਦ ਨਾਗਰਿਕ ਹੀ ਕਿਸੇ ਵੀ ਸਿਹਤਮੰਦ ਦੇਸ਼ ਦਾ ਧੁਰਾ ਹੁੰਦੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975**



**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**

Photo Not Available

**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**



**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**



**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**



**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**

Photo Not Available

**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**

Photo Not Available

**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**



**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**



**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**

Photo Not Available

**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**

Photo Not Available

**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**



**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**



**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**



**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**



**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**



**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਬਾਬਾ ਨੰਦ ਸਿੰਘ ਜੀ ਦੀ ਬਰਸੀ ਮੌਕੇ ਕੀਤਰਨ ਦੀਵਾਨ ਸਜਾਏ





ਬਰੈਂਪਟਨ, 4 ਸਤੰਬਰ (ਸੁਰਜੀਤ ਸਿੰਘ ਫਲੋਰਾ): ਧੰਨ ਧੰਨ ਬਾਬਾ ਨੰਦ ਸਿੰਘ ਕਲੇਰਾਂ ਵਾਲਿਆਂ ਦੀ ਸਲਾਨਾਂ ਬਰਸੀ ਬਹੁਤ ਹੀ ਸ਼ਰਧਾਂ, ਪਿਆਰ ਅਤੇ ਸਤਿਕਾਰ ਨਾਲ ਬਰੈਂਪਟਨ ਦੇ ਗੁਰਦੁਆਰੇ ਨਾਨਕਸਰ ਟਿੰਮਬਰਲੇਨ ਤੇ ਸਥਿਤ ਵਿਖੇ ਮਨਾਈ ਗਈ। ਜੋ ਬਾਬਾ ਗੁਰਦੇਵ ਸਿੰਘ ਜੀ ਦਾ ਸਥਾਨ ਹੈ। ਜਿਥੇ ਤਿੰਨ ਦਿਨਾਂ ਤੋ ਸੰਪਟ ਪਾਠ ਚੱਲ ਰਹੇ ਸਨ, ਬਾਬਾ ਜੀ ਦੇ ਜੀਵਨ ਤੇ ਰਾਗੀ ਸਿੰਘਾਂ ਵਲੋਂ ਚਾਨਣਾ ਪਾਇਆ ਗਿਆ।

29 ਅਗਸਤ ਨੂੰ ਸ਼ਾਮੀ ਭੋਗ ਪਏ ਤੇ ਇਹ ਬਾਬਾ ਜੀ ਦਾ ਬਰਸੀ ਵਾਲਾਂ ਦਿਨ ਸੰਗਤਾਂ ਲਈ ਹੋਰ ਵੀ ਲਾਹੇਬੰਦ ਸਾਬਿਤ ਹੋਇਆ ਜਦ ਕੈਨੇਡਾ ਦੀ ਫੇਰੀ ਤੇ ਭਾਈ ਗੁਰਚਰਨ ਸਿੰਘ ਜੀ ਰਸੀਆਂ ਅਤੇ ਭਾਈ ਚਮਨਜੀਤ ਸਿੰਘ ਲਾਲ ਜੀ ਬਾਬਾ ਜੀ ਦੇ ਬਰਸੀ ਤੇ ਕੀਤਰਨ ਦੀ ਸੇਵਾ ਕਰਨ ਆ ਪਹੁੰਚੇ। ਜਿਥੇ ਭਾਈ ਗੁਰਚਰਨ ਸਿੰਘ ਰਸੀਆ ਅਤੇ ਭਾਈ ਚਮਨਜੀਤ ਸਿੰਘ ਲਾਲ ਹੋਰਾਂ ਵਲੋਂ ਬਾਬਾ ਜੀ ਦੇ ਜੀਵਨ ਵਾਰੇ ਵਚਨ ਸਾਂਝਿਆ ਕੀਤੇ। ਇਸ ਦੇ ਨਾਲ ਹੀ ਧੁਰ ਕੀ ਬਾਣੀ ਦਾ ਕੀਰਤਨ ਉਹਨਾਂ ਦੀ ਮਿੱਠੀ ਅਵਾਜ ਨੇ ਸੰਗਤਾਂ ਦੇ ਹਿਰਦੇ ਨੂੰ ਇਕ ਵਾਰ ਤੇ ਬਾਣੀ ਦੇ ਰੰਗ ਵਿਚ ਰੰਗ ਦਿੱਤਾ ਜਦੋਂ ਉਹਨਾਂ ਨੇ ਇਹ ਸ਼ਬਦ ਗਾਇਆਂ " ਹੰਉ ਕੁਰਬਾਨੈ ਜਾਉ ਮਿਹਰਵਾਨਾ"। ਸਮਾਪਤੀ ਉਪਰੰਤ ਸਭ ਸੰਗਤਾਂ ਨੇ ਭਾਈ ਸਾਹਿਬ ਦੇ ਪੂਰਨ ਦਰਸ਼ਨ ਕੀਤੇ।

ਇਸ ਦੇ ਨਾਲ ਹੀ ਗੁਰਦੁਆਰੇ ਦੇ ਰਾਗੀ ਸਿੰਘ ਵਲੋਂ ਤੇ ਕਥਾਵਾਚਕਾਂ ਵਲੋਂ ਵੀ ਕੀਤਰਨ ਅਤੇ ਕਥਾ ਨਾਲ ਬਾਬਾ ਜੀ ਦੇ ਜੀਵਨ ਵਾਰੇ ਅਤੇ ਉਸ ਤੋਂ ਉਹਨਾਂ ਤੋਂ ਪ੍ਰਾਪਤੀਆਂ ਵਾਰੇ ਵਚਨ ਸਾਂਝੇ ਕੀਤੇ।

ਬਾਬਾ ਜੀ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ , ਬਾਬਾ ਨੰਦ ਸਿੰਘ ਜੀ ਦਾ ਅਤੇ ਨਾਨਕਸਰ ਗੁਰੂਘਰ ਦਾ ਇਤਿਹਾਸ ਕੋਈ ਅੱਜ ਤੋਂ 100 ਸਾਲ ਪਹਿਲਾਂ ਦਾ ਹੈ। ਗੁਰਦੁਆਰਾ ਸ੍ਰੀ ਨਾਨਕਸਰ ਕਲੇਰਾਂ ਜਗਰਾਉ ਤੋਂ ਫਿਰੋਜ਼ਪੁਰ ਨੂੰ ਜਾਂਦੀ ਸੜਕ ਉਪਰ ਪੈਂਦੇ ਕਬਸੇ ਜਗਰਾਉ ਤੋਂ ਕੋਈ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਜਿਸ ਨੂੰ ਸਿੱਖ ਜਗਤ ਦੇ ਮਹਾਨ ਅਤੇ ਪੂਰਨ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ ਛੂਹ ਪ੍ਰਾਪਤ ਹੈ। ਬਾਬਾ ਜੀ ਨਾਮ ਸਿਮਰਨ ਦੀ ਪ੍ਰਤਖ ਸਾਬਿਤ ਸੂਰਤ ਮੂਰਤ ਸਨ। ਆਪ ਜੀ ਨੇ ਲੱਖਾ ਹੀ ਪ੍ਰਾਣੀਆਂ ਨੂੰ ਪ੍ਰੇਰਣਾ ਦੇ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ । ਸਨ 1943 ਵਿਚ ਬਾਬਾ ਜੀ ਦੇ ਚੋਲਾ ਬਦਲਣ ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ 1963 ਇਸ ਸਥਾਨ ਦੀਆਂ ਰੂਹਾਨੀ ਪ੍ਰਮਪ੍ਰਾਵਾਂ ਨੂੰ ਅੱਗੇ ਤੋਰਿਆਂ।

ਅੱਜ ਉਹਨਾਂ ਤੋਂ ਹੀ ਵਰਸਾਏ ਹੋਏ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਬਰੈਂਪਟਨ ਨਾਨਕਸਰ ਗੁਰੂਘਰ ਵਿਖੇ ਬਾਬਾ ਜੀ ਦੀ ਸਲਾਨਾਂ ਬਰਸੀ ਤੇ ਇਕੱਠੇ ਹੋ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਉਹਨਾਂ ਦੇ ਵਚਨਾਂ ਨੂੰ ਤਾਜ਼ਾ ਕੀਤਾ। ਉਹਨਾਂ ਦੇ ਵਚਨਾਂ ਤੇ ਚੱਲਣ ਤੇ ਧੁਰ ਕੀ ਬਾਣੀ ਨਾਲ ਜੁੜਨ ਦਾ ਪ੍ਰਣ ਕੀਤਾ। ਆਖਿਰ ਗੁਰੂ ਘਰ ਦੇ ਪ੍ਰਬੰਦਕਾਂ ਵਲੋਂ ਸਭ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ।





**ਕੈਸਲਮੋਰ ਸੀਨੀਅਰ ਕਲੱਬ ਨੇ ਮਾਊਟਸ ਬਰਗ ਦਾ ਟੂਰ ਲਾਇਆ:** 1 ਸਤੰਬਰ ਨੂੰ ਕੈਸਲਮੋਰ ਸੀਨੀਅਰ ਕਲੱਬ ਨੇ ਪ੍ਰਧਾਨ ਗੁਰਮੇਲ ਸਿੰਘ ਸੱਗੂ ਤੇ ਸਕੱਤਰ ਕਸ਼ਮੀਰਾ ਸਿੰਘ ਦੀ ਅਗਵਾਈ 'ਚ ਮਾਊਟਸ ਬਰਗ ਦਾ ਟੂਰ ਲਾਇਆ। 472 ਏਕੜ ਵਿਚ ਫੈਲੇ ਇਸ ਸਪਾਟ ਵਿਚ ਪੰਛੀ ਤੇ ਜਾਨਵਰ, ਪਾਰਕਾਂ ਤੇ ਝੀਲਾਂ ਸਨ। ਇੱਥੇ ਕਈ ਤਰ੍ਹਾਂ ਦੇ ਪੰਛੀ ਦੇਖਣ ਨੂੰ ਮਿਲੇ। ਸਭ ਨੇ ਖੂਬ ਆਨੰਦ ਮਾਣਿਆ। ਇਸ ਦੌਰਾਨ ਗੁਰਮੇਲ ਸਿੰਘ ਸੱਗੂ ਨੇ ਦੱਸਿਆ ਕਿ ਕਲੱਬ ਦੀ ਅਗਲੀ ਜਨਰਲ ਬਾਡੀ ਮੀਟਿੰਗ ਤੇ ਪਰਿਵਾਰਕ ਫਨ ਮੇਲਾ 28 ਸਤੰਬਰ ਨੂੰ ਗੋਰਮੀਡੀਓਜ਼ ਕਮਿਊਨਿਟੀ ਸੈਂਟਰ, ਗੋਰ ਰੋਡ 'ਤੇ ਟੀਕ 11 ਵਜੇ ਹੋਵੇਗਾ ਸਿਰਫ ਮੈਂਬਰ ਹੀ ਸ਼ਾਮਿਲ ਹੋਣ।

## ਬਲਬੀਰ ਸਿੱਧੂ ਨੇ 11 ਦਿਵਿਆਂਗ ਹੈਲਥ ਵਰਕਰਾਂ ਨੂੰ ਦਿੱਤੇ ਨਿਯੁਕਤੀ ਪੱਤਰ



ਚੰਡੀਗੜ੍ਹ, 4 ਸਤੰਬਰ (ਗਿਆਨ ਸਿੰਘ)) ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅੱਜ ਵਿਭਾਗ ਦੇ ਮੁੱਖ ਦਫ਼ਤਰ ਵਿੱਚ 11 ਦਿਵਿਆਂਗ ਮਲਟੀਪਰਪਜ਼ ਹੈਲਥ ਵਰਕਰਾਂ ਨੂੰ ਨਿਯੁਕਤੀ ਪੱਤਰ ਦਿੱਤੇ।ਮੰਤਰੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਵਾਲੀ ਸਰਕਾਰ ਸਮਾਜ ਦੇ ਸਾਰੇ ਵਰਗਾਂ ਵਿਸ਼ੇਸ਼ ਕਰਕੇ ਦਿਵਿਆਂਗ ਲੋਕਾਂ ਦਾ ਸਰਬ-ਪੱਖੀ ਵਿਕਾਸ ਕਰਨ ਲਈ ਵਚਨਬੱਧ ਹੈ।

ਇਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇੱਕ ਹੋਰ ਪ੍ਰਾਪਤੀ ਹੈ ਜਿਨ੍ਹਾਂ ਦੇ ਨਿਰਦੇਸ਼ਾਂ 'ਤੇ ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਚਿਰਾਂ ਤੋਂ ਖਾਲੀ ਪਈਆਂ ਅਸਾਮੀਆਂ ਨੂੰ ਪਹਿਲ ਦੇ ਅਧਾਰ ਭਰਿਆ ਗਿਆ ਹੈ।

ਨਵ-ਨਿਯੁਕਤ ਵਰਕਰਾਂ ਨਾਲ ਗੱਲ ਬਾਤ ਕਰਦਿਆਂ ਸਰਦਾਰ ਬਲਬੀਰ ਸਿੰਘ ਸਿੱਧੂ ਨੇ ਸਰਕਾਰ ਦੇ ਲੋਕ ਹਿੱਤ ਏਜੰਡੇ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਸਭ ਨੂੰ ਆਪਣਾ ਕੰਮ ਪੂਰੇ ਸਮਰਪਣ ਅਤੇ ਤਨਦੇਹੀ ਨਾਲ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਵਿਭਾਗ ਦਾ ਚਿਹਰਾ ਹੋ ਅਤੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਕਸਰ ਨਾ ਛੱਡਣਾ।

ਇਹ ਵੀ ਦੱਸਣਯੋਗ ਹੈ ਕਿ ਪਿਛਲੇ ਇੱਕ ਸਾਲ ਦੌਰਾਨ ਸੂਬੇ ਵਿੱਚ ਖਾਲੀ ਪਈਆਂ ਮਲਟੀਪਰਪਜ਼ ਹੈਲਥ ਵਰਕਰਾਂ ਦੀਆਂ 1263 ਆਸਾਮੀਆਂ ਵਿੱਚੋਂ 1210 ਆਸਾਮੀਆਂ ਪਹਿਲਾਂ ਹੀ ਭਰ ਲਈਆਂ ਸਨ। ਇਸ ਮੌਕੇ ਹੋਰ ਪਤਵੰਤਿਆਂ ਤੋਂ ਇਲਾਵਾ ਸਿਹਤ ਮੰਤਰੀ ਦੇ ਸਿਆਸੀ ਸਕੱਤਰ ਹਰਕੇਸ਼ ਚੰਦ ਸ਼ਰਮਾ ਮਛਲੀ ਕਲਾਂ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਅਵਨੀਤ ਕੌਰ , ਡਾਇਰੈਕਟਰ ਸਿਹਤ ਸੇਵਾਵਾਂ ਡਾ.ਰੀਟਾ ਭਾਰਦਵਾਜ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਬਿੰਦਰਾ ਨੇ ਪੰਜਾਬ ਰਾਜ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਵਜੋਂ ਚਾਰਜ ਸੰਭਾਲਿਆ



ਲੁਧਿਆਣਾ, 4 ਸਤੰਬਰ (ਗਿਆਨ ਸਿੰਘ ) ''ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸੂਬਾ ਸਰਕਾਰ ਵੱਖ ਵੱਖ ਫੋਰਮਾਂ 'ਚ ਨੌਜਵਾਨਾਂ ਨੂੰ ਢੁਕਵੀਂ ਨੁਮਾਇੰਦਗੀ ਦੇ ਕੇ ਉਨਾਂ ਦੀ ਵੱਡੀ ਸਮਰੱਥਾ ਦੀ ਸਹੀ ਵਰਤੋਂ 'ਤੇ ਧਿਆਨ ਕੇਂਦਰਤ ਕਰ ਰਹੀ ਹੈ।''

ਇਹ ਪ੍ਰਗਟਾਵਾ ਪੰਜਾਬ ਦੇ ਖੇਡ ਅਤੇ ਯੂਵਾ ਮਾਮਲਿਆਂ ਦੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਅੱਜ ਜੰਗਲਾਤ ਭਵਨ ਸੈਕਟ 68 ਵਿਖੇ ਕੀਤਾ।

ਇਸ ਮੌਕੇ ਸੁਖਵਿੰਦਰ ਸਿੰਘ ਬਿੰਦਰਾ ਨੇ ਰਾਣਾ ਗੁਰਮੀਤ ਸਿੰਘ ਸੋਢੀ ਦੀ ਹਾਜ਼ਰੀ 'ਚ ਪੰਜਾਬ ਰਾਜ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਵਜੋਂ ਚਾਰਜ ਸੰਭਾਲਿਆ। ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਨੂੰ ਰਾਜ ਮੰਤਰੀ ਦਦਾ ਰੁਤਬਾ ਦਿੱਤਾ ਗਿਆ ਹੈ।

ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਨੌਜਵਾਨਾਂ ਦੇ ਉਚਤਮ ਸਸ਼ਕਤੀਕਰਨ 'ਤੇ ਕੇਂਦਰਤ ਕੀਤਾ ਹੈ ਤਾਂ ਜੋ ਉਨਾਂ ਨੂੰ ਬਦਲਦੀਆਂ ਮੰਗਾਂ ਅਤੇ ਉਦਯੋਗਿਕ ਖੇਤਰ ਵਿੱਚ ਪੈਦਾ ਹੋ ਰਹੇ ਨਵੇਂ ਰੁਝਾਨਾਂ ਅਨੁਸਾਰ ਪੂਰੀ ਤਰਾਂ ਹੁਨਰਮੰਦ ਬਣਾਇਆ ਜਾ ਸਕੇ। ਇਸ ਦੇ ਨਾਲ ਹੀ ਸੂਬਾ ਸਰਕਾਰ ਦਾ ਮਿਸ਼ਨ ਤੰਦਦਰੁਸਤੀ ਦਾ ਉਦੇਸ਼ ਵੀ ਨੌਜਵਾਨਾਂ ਨੂੰ ਸਿਹਤਯਾਬ ਬਨਾਉਣਾ ਹੈ ਅਤੇ ਇਸ ਮਿਸ਼ਨ ਹੇਠ ਨੌਜਵਾਨਾਂ 'ਤੇ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਨੂੰ ਮੁੜ ਖੇਡਾਂ ਦੇ ਸ਼ਕਤੀਸ਼ਲੀ ਗੜ ਵਿੱਚ ਤਬਦੀਲ ਕਰਨ ਲਈ ਸੂਬਾ ਸਰਕਾਰ ਨੌਜਵਾਨਾਂ ਨੂੰ ਖੇਡਾ ਵੱਲ ਅਕ੍ਰਸ਼ਿਤ ਕਰਨ ਲਈ ਵੀ ਆਪਣੇ ਮਿਸ਼ਨ ਨੂੰ ਅੱਗੇ ਵਧਾ ਰਹੀ ਹੈ।

ਇਸ ਮੌਕੇ ਪੰਜਾਬ ਰਾਜ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ੍ਰੀ ਸੁਖਬਿੰਦਰ ਸਿੰਘ ਬਿੰਦਰਾ ਨੇ ਉਨਾਂ ਵਿੱਚ ਵਿਸ਼ਵਾਸ ਰੱਖਣ ਲਈ ਮੁੱਖ ਮੰਤਰੀ ਅਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦਾ ਧੰਨਵਾਦ ਕੀਤਾ ਅਤੇ ਭਰੋਸਾ ਦੁਵਾਇਆ ਕਿ ਉਹ ਨੌਜਵਾਨਾਂ ਦੀ ਭਲਾਈ ਲਈ ਸਮਾਰਪਣ ਦੀ ਭਾਵਨਾ ਦੇ ਨਾਲ ਹਮੇਸ਼ਾਂ ਹੀ ਕੰਮ ਕਰਦੇ ਰਹਿਣਗੇ।

## ਹਾਰਟਲੇਕ ਸੀਨੀਅਰ ਕਲੱਬ ਵੱਲੋਂ ਤਾਸ਼ ਮੁਕਾਬਲੇ 8 ਨੂੰ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ): ਹਾਰਟਲੇਕ ਸੀਨੀਅਰ ਕਲੱਬ ਦੇ ਮੈਂਬਰਾਂ ਵਲੋਂ 8 ਸਤੰਬਰ, ਦਿਨ ਐਤਵਾਰ ਨੂੰ ਜਿੰਮ ਆਰਕਡੇਕਿਨ ਰੀਕਰੀਏਸ਼ਨ ਸੈਂਟਰ, ਜੋ 292 ਕੌਨਸਟੋਗਾ ਡਰਾਈਵ ਤੇ ਹੈ, ਵਿਖੇ ਸ਼ਾਮ 3 ਵਜੇ ਤੋਂ 8 ਵਜੇ ਤੱਕ ਤਾਸ਼ (ਸਵੀਪ) ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਦੀਆਂ ਐਂਟਰੀਆ 3 ਵਜੇ ਤੋਂ 3:30 ਸ਼ਾਮ ਤੱਕ ਲਈਆਂ ਜਾਣਗੀਆਂ, ਅਤੇ ਐਂਟਰੀ ਫੀਸ 10 ਡਾਲਰ ਹੋਵੇਗੀ।

ਪੰਜਾਬ ਦੇ ਖੂੰਢਾਂ ਤੋਂ ਕਨੇਡਾ ਦੇ ਕਮਿਊਨਿਟੀ ਸੈਂਟਰਾਂ ਵਿਚਕਾਰ ਦੇ ਬਦਲ ਨੂੰ ਨਵੇਂ ਆਏ ਪੰਜਾਬੀ ਬਜ਼ੁਰਗ ਅਪਣੇ ਹੱਡੀਂ ਹੰਢਾਂਉਂਦੇ ਹਨ। ਬੇਸ਼ੱਕ ਸਾਰੇ ਸੰਗੀ ਸਾਥੀ ਜੋ ਉਹ ਛੱਡ ਕੇ ਆਏ ਹੁੰਦੇ ਹਨ, ਇਨ੍ਹਾਂ ਸੈਂਟਰਾਂ ਵਿਚ ਨਹੀਂ ਮਿਲਦੇ, ਪਰ ਸੀਨੀਅਰ ਕਲੱਬਾਂ ਵਿਚ ਰੱਲ ਮਿਲ ਓਹ, ਜਿਸ ਮੁਹੌਲ ਨੂੰ ਨੂੰ ਕਦੇ ਪੰਜਾਬ ਵਿਚ ਮਾਣਦੇ ਸੀ, ਸਿਰਜਣ ਲਈ ਅਪਣਾ ਪੂਰਾ ਤਾਣ ਲਾਉਂਦੇ ਹਨ। ਘਰ ਦੇ ਅਪਣੇ ਜਿਮੇ ਲੱਗੇ ਕੰਮਾਂ ਕਾਰਾਂ ਨੂੰ ਨਿਪਟਾ ਅਕਸਰ ਵੱਡੀ ਗਿਣਤੀ ਵਿਚ, ਬਜ਼ੁਰਗ, ਇਨ੍ਹਾਂ ਕਲੱਬਾਂ ਵਿਚ ਦੁਪਿਹਰ ਦਾ ਸਮਾਂ ਇਕੱਠੇ ਬੈਠ ਮਾਣਨ ਲਈ ਆਉਂਦੇ ਹਨ। ਹੋਰ ਮੰਨੋਰੰਜਣ ਤੋਂ ਇਲਾਵਾ, ਤਾਸ਼ ਦੀ ਬਾਜ਼ੀ, ਬਹੁਤਿਆਂ ਦੇ ਮੰਨ ਪ੍ਰਚਾਵੇ ਦਾ ਸਾਧਨ ਬਣਦੀ ਹੈ ਅਤੇ ਕਈ ਉਸ ਵਿਚਲੀ ਮੁਹਾਰਤ ਵਿਚ ਮਾਣ ਮਹਿਸੂਸ ਕਰਦੇ ਹਨ। ਇਸੇ ਮੁਹਾਰਤ ਦੇ ਮੁਕਾ-ਬਲੇ ਕਰਵਾਉਣ ਲਈ, ਵੱਖ ਵੱਖ ਕਲੱਬਾਂ ਵਲੋਂ ਹਰ ਸਾਲ ਗਰਮੀ ਦੇ ਦਿਨੀ ਤਾਸ਼ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਗੱਲ ਨੂੰ ਮੁੱਖ ਰਖਕੇ, ਹਾਰਟਲੇਕ ਸੀਨੀਅਰ ਕਲੱਬ ਵਲੋਂ ਇਹ ਮੁਕਾਬਲੇ ਅਪਣੇ ਵੱਲੋਂ ਪੂਰੀ ਤਨ ਦੇਹੀ ਨਾਲ ਕਰਵਾਏ ਜਾ ਰਹੇ ਹਨ, ਤਾਂ ਜੋ ਇਸ ਵਿਚ ਸ਼ਾਮਿਲ ਸਾਰੇ ਖਿਡਾਰੀਆਂ ਅਤੇ ਦਰਸ਼ਕਾਂ ਦਾ ਪੂਰਾ ਮਨਪ੍ਰਚਾਵਾ ਕੀਤਾ ਜਾ ਸਕੇ। ਇਸ ਸਮੇਂ ਖਾਣ ਪੀਣ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ। ਜੇਤੂ ਖਿਡਾਰੀਆਂ ਨੂੰ ਚੰਗੇ ਇਨਾਮਾਂ ਦਾ ਇੰਤਜਾਂਮ ਵੀ ਕੀਤਾ ਗਿਆ ਹੈ। ਇਨ੍ਹਾਂ ਮੁਕਾਬਲਿਆਂ ਦੇ ਨਿਯਮਾਂ ਬਾਰੇ ਦਸਦਿਆਂ ਕਲੱਬ ਦੇ ਪ੍ਰਧਾਨ ਸ: ਕਾਮਰੇਡ ਸੁਖਦੇਵ ਸਿੰਘ ਨੇ ਦੱਸਿਆ ਕਿ ਇਨ੍ਹਾਂ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ, ਕਲੱਬ ਦੇ ਨਾਮਜਦ ਮੈਂਬਰ ਰੈਫਰੀਆਂ ਦੀ ਜਿਮੇਵਾਰੀ ਨਿਭਾਉਣਗੇ ਅਤੇ ਕਿਸੇ ਵਿਵਾਦ ਦੀ ਸੂਰਤ ਵਿਚ ਕਮੇਟੀ ਦਾ ਫੈਸਲਾ ਅੰਤਿਮ ਮੰਨਿਆਂ ਜਾਵੇਗਾ।

ਇਸ ਕਲੱਬ ਬਾਰੇ ਜਾਂ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਕਾਮਰੇਡ ਸੁਖਦੇਵ ਸਿੰਘ (647 298 7250) ਜਾਂ ਚਰਨ ਸਿੰਘ ਮੁੰਡੀ (416 315 1387) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਰਵਿਦਾਸ ਮੰਦਰ : ਦਲਿਤ ਭਾਈਚਾਰੇ ਨੂੰ ਮੁਸਲਮਾਨਾਂ ਦਾ ਸਾਥ ਵੀ ਮਿਲਿਆ

ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਤੁਗਲਕਾਬਾਦ ਵਣ ਖੇਤਰ ਵਿਚ ਰਵਿਦਾਸ ਮੰਦਰ ਦੇ ਮੁੜ ਨਿਰਮਾਣ ਦੀ ਦਲਿਤ ਭਾਈਚਾਰੇ ਦੀ ਮੰਗ ਨੂੰ ਕਈ ਮੁਸਲਮਾਨ ਸੰਗਠਨਾਂ ਦੇ ਆਗੂਆਂ ਨੇ ਕੱਲ੍ਹ ਸਮਰਥਨ ਦਿੱਤਾ ਤੇ ਕਿਹਾ ਕਿ ਉਹ 15 ਸਤੰਬਰ ਨੂੰ ਰਾਜਧਾਨੀ ਦਿੱਲੀ ਵਿੱਚ ਸਾਂਝਾ ਰੋਸ ਪ੍ਰਦਰਸ਼ਨ ਆਯੋਜਤ ਕਰਨਗੇ।

ਵਰਨਣ ਯੋਗ ਹੈ ਕਿ ਦਿੱਲੀ ਵਿਕਾਸ ਅਥਾਰਟੀ (ਡੀ ਡੀ ਏ) ਨੇ ਹਾਈ ਕੋਰਟ ਦੇ ਆਦੇਸ਼ ਉਤੇ 10 ਅਗਸਤ ਨੂੰ ਇਹ ਮੰਦਰ ਨੂੰ ਢਾਹ ਦਿੱਤਾ ਸੀ। ਇਸ ਮੁੱਦੇ 'ਤੇ ਰਾਜਧਾਨੀ ਵਿੱਚ 21 ਅਗਸਤ ਨੂੰ ਵਿਸ਼ਾਲ ਪ੍ਰਦਰਸ਼ਨ ਕੀਤਾ ਗਿਆ ਸੀ, ਜੋ ਬਾਅਦ ਵਿੱਚ ਹਿੰਸਕ ਹੋ ਗਿਆ। ਲਖਨਊ ਵਿੱਚ ਟਿੱਲੇ ਵਾਲੀ ਮਸਜਿਦ ਦੇ ਇਮਾਮ ਮੌਲਾਨਾ ਫਜਲੁਲ ਮਨਨ ਸ਼ਾਹੀ ਨੇ ਇਥੇ ਇੱਕ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਅਸੀਂ ਮੰਦਰ ਢਾਹੁਣ ਦੇ ਦਰਦ ਨੂੰ ਮਹਿਸੂਸ ਕਰਦੇ ਹਾਂ ਕਿਉਂਕਿ ਅਸੀਂ ਇਸ ਦਰਦ ਤੋਂ ਗੁਜ਼ਰ ਚੁੱਕੇ ਹਾਂ। ਅਸੀਂ ਆਪਣੇ ਦਲਿਤ ਭਰਾਵਾਂ ਦੇ ਦੁੱਖ ਨੂੰ ਸਾਂਝਾ ਕਰਦੇ ਹਾਂ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for
Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
Body Centre
MINISTRY APPROVED SALVAGE INSPECTION STATION
Daljit Singh
President
308 Rutherford Road
Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
132''
88''
8 Seated Sofa
ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਭਾਰਤ-ਪਾਕਿ ਸਹਿਮਤੀ: ਕਰਤਾਰਪੁਰ ਲਾਂਘਾ ਦਰਸ਼ਨਾਂ ਲਈ ਸਾਰਾ ਸਾਲ ਖੁੱਲ੍ਹਾ ਰਹੇਗਾ

*** ਇਕ ਦਿਨ ਵਿੱਚ 5000 ਸ਼ਰਧਾਲੂ ਜਾ ਸਕਣਗੇ**

ਅਟਾਰੀ/ਵਾਹਗਾ ਬਾਰਡਰ, 4 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਪੈਂਦੇ ਗੁਰਦੁਆਰਾ ਸ੍ਰੀ ਕਰਤਾਪੁਰ ਸਾਹਿਬ ਤੱਕ ਜਾਣ ਲਈ ਬਣਾਏ ਜਾ ਰਹੇ ਲਾਂਘੇ ਬਾਰੇ ਭਾਰਤ ਤੇ ਪਾਕਿਤਸਾਨ ਦੇ ਅਧਿਕਾਰੀਆਂ ਵਿਚਾਲੇ ਅਟਾਰੀ-ਵਾਹਗਾ ਸਰਹੱਦ ਵਿਖੇ ਅੱਜ ਬੁੱਧਵਾਰ ਹੋਈ ਤੀਸਰੀ ਬੈਠਕ ਵਿੱਚ ਕਈ ਅਹਿਮ ਫ਼ੈਸਲੇ ਲਏ ਗਏਤੇ ਇਹ ਸਹਿਮਤੀ ਬਣੀ ਕਿ ਇਹ ਲਾਂਘਾ ਸ਼ਰਧਾਲੂਆਂ ਦੇ ਜਾਣ-ਆਉਣ ਲਈ ਪੂਰਾ ਸਾਲ ਅਤੇ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹੇਗਾ।

ਇਸ ਮੌਕੇ ਭਾਰਤ-ਪਾਕਿ ਦੇ ਅਧਿਕਾਰੀਆਂ ਵਿਚਾਲੇ ਇਹ ਸਹਿਮਤੀ ਬਣੀ ਕਿ ਇਸ ਲਾਂਘੇ ਤੋਂ ਇਕ ਦਿਨ ਵਿੱਚ ਪੰਜ ਹਜ਼ਾਰ ਸ਼ਰਧਾਲੂ ਹੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾ ਸਕਣਗੇ, ਪਰ ਵਿਸ਼ੇਸ਼ ਮੌਕਿਆਂ ਉੱਤੇ ਇਹ ਗਿਣਤੀਵਧਾਈ ਜਾ ਸਕਦੀ ਹੈ। ਇਸ ਨੂੰ ਬਿਨਾ ਵੀਜ਼ਾ ਫਰੀ ਯਾਤਰਾ ਦੀ ਸਹੂਲਤ ਹੋਵੇਗੀ। ਯਾਤਰਾ ਦੌਰਾਨ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਦੇ ਪੱਖ ਤੋਂਕਰਤਾਰਪੁਰ ਸਾਹਿਬ ਵਿੱਚ ਭਾਰਤੀ ਕੂਟਨੀਤਕ ਅਧਿਕਾਰੀਆਂ ਦੀ ਪਹੁੰਚ ਦੀ ਭਾਰਤ ਦੀ ਮੰਗ ਉੱਤੇ ਪਾਕਿਸਤਾਨ ਦੇ ਅਧਿਕਾਰੀ ਸਹਿਮਤ ਨਹੀਂ ਹੋਏ। ਪਾਕਿ ਅਧਿਕਾਰੀਆਂ ਨੇ ਗੁਰਦੁਆਰੇ ਵਿੱਚ ਆਉਣ ਵਾਲੇ ਸ਼ਰਧਾਲੂਆਂ ਤੋਂ ਸਰਵਿਸ ਚਾਰਜ ਲੈਣ ਦੀ ਗੱਲ ਕਹੀ, ਪਰ ਭਾਰਤ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਦੋਵਾਂ ਪਾਸਿਉਂ ਇਸ ਲਾਂਘੇ ਲਈ ਬਣ ਰਹੇ ਪੁਲ ਬਾਰੇ ਸਹਿਮਤੀ



ਬਣ ਗਈ ਹੈ, ਪਰ ਨਵੰਬਰ ਤਕ ਪਾਕਿਤਸਾਨ ਵੱਲੋਂ ਇਹਬਣ ਨਹੀਂ ਸਕੇਗਾ ਤੇ ਓਦੋਂ ਤੱਕਬਦਲਵਾਂ ਰਸਤਾ ਵਰਤਿਆ ਜਾਵੇਗਾ।ਇਸ ਮੌਕੇਅੱਜ ਤਕ ਦੀ ਤਿਆਰੀ ਬਾਰੇ ਦੱਸਿਆ ਗਿਆ ਕਿ ਭਾਰਤ ਦਾ ਇੰਫਾਸਟ੍ਰਕਚਰ ਤਿਆਰ ਤੇ ਟਰਮੀਨਲ ਬਣ ਗਿਆ ਹੈ, ਜਿੱਥੇ ਇਕੱਠੇ 15 ਹਜ਼ਾਰ ਲੋਕ ਰਹਿ ਸਕਦੇ ਹਨ। ਕੌਮਾਂਤਰੀ ਸਰਹੱਦ ਉੱਤੇ 4 ਲੇਨ ਹਾਈਵੇਅ ਲਈ ਭਾਰਤ ਸਰਕਾਰ ਦਾ ਕੰਮ ਵੀ ਸਤੰਬਰ ਦੇ ਅੰਤ ਤਕ ਪੂਰਾ ਹੋ ਜਾਵੇਗਾ।

# ਪਟਾਕਾ ਫ਼ੈਕਟਰੀ ਵਿੱਚ ਭਿਆਨਕ ਧਮਾਕਾ, 25 ਮਰੇ, 40 ਜ਼ਖ਼ਮੀ





...ਪੰਨਾ 1 ਦਾ ਬਾਕੀ

ਹਾਦਸਾ ਦੁਪਹਿਰ ਵੇਲੇ 3:45ਵਜੇ ਦੇ ਕਰੀਬ ਸੇਂਟ ਫਰਾਂਸਿਸ ਸਕੂਲ ਨੇੜੇ ਹੋਇਆ। ਸਕੂਲ ਵਿੱਚ ਕਰੀਬ ਇੱਕ ਘੰਟੇ ਪਹਿਲਾਂ ਛੁੱਟੀ ਹੋਣ ਪਿੱਛੋਂ ਬੱਚੇ ਜਾ ਚੁੱਕੇ ਸਨ। ਧਮਾਕੇ ਕਾਰਨ ਪਟਾਕਾ ਫੈਕਟਰੀ ਤੇ ਉਸ ਦੇ ਨਾਲ ਦੀਆਂ ਕੁਝ ਬਿਲਡਿੰਗਾਂ ਪੂਰੀ ਤਰ੍ਹਾਂ ਢਹਿ ਗਈਆਂ ਅਤੇ ਮਲਬੇ ਹੇਠਾਂ ਆਏ ਕਈ ਲੋਕ ਮਾਰੇ ਗਏਅਤੇ ਕਈ ਗੰਭੀਰ ਜ਼ਖ਼ਮੀ ਹੋ ਗਏ।ਧਮਾਕੇ ਦੀ ਆਵਾਜ਼ ਸੁਣ ਕੇ ਪੁਲਿਸ ਪ੍ਰਸ਼ਾਸਨ ਤੇ ਸਥਾਨਕ ਲੋਕ ਘਟਨਾ ਸਥਾਨ ਉੱਤੇ ਪਹੁੰਚੇ ਅਤੇ ਰਾਹਤ ਕੰਮ ਕਰਨ ਲੱਗੇ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤੇ ਐਂਬੂਲੈਂਸਾਂ ਵੀ ਘਟਨਾ ਸਥਾਨ ਉੱਤੇ ਪਹੁੰਚ ਗਈਆਂ। ਜਿਸ ਪਟਾਕਾ ਫੈਕਟਰੀ ਵਿੱਚ ਧਮਾਕਾ ਹੋਇਆ, ਉਹ ਫੈਕਟਰੀ ਤੇ ਉਸ ਦਾ ਗੋਦਾਮ ਭਰਵੀਂ ਆਬਾਦੀ ਵਾਲੀ ਗੁਰੂ ਰਾਮ ਦਾਸ ਕਾਲੋਨੀ ਵਿੱਚ ਹੈ, ਜਿੱਥੇ ਸ਼ਹਿਰ ਦਾ ਪ੍ਰਸਿੱਧ ਸੇਂਟ ਫਰਾਂਸਿਸ ਸਕੂਲ ਵੀ ਨੇੜੇ ਹੀ ਹੈ। ਇਸ ਦੇ ਬਾਵਜੂਦ ਏਥੇ ਕਈ ਸਾਲਾਂ ਤੋਂ ਇਹ ਪਟਾਕਾ ਫੈਕਟਰੀ ਚੱਲ ਰਹੀ ਹੈ।

# ਸੁਖਪਾਲ ਸਿੰਘ ਖਹਿਰਾ ਨੂੰ ਝਟਕਾ, ਚਾਰ ਵਿਧਾਇਕ ਘਰ ਵਾਪਸੀ ਦੇ ਰਾਹ ਪੈਣ ਲੱਗੇ!

ਚੰਡੀਗੜ੍ਹ, 4 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਦਿੱਸਦੀ ਪਈ ਆਮ ਆਦਮੀ ਪਾਰਟੀ ਵਿਚ ਨਵੀਂ ਕਤਾਰਬੰਦੀ ਹੋਣ ਲੱਗੀ ਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਦੀ ਅਣਬਣ ਦੌਰਾਨ ਪਾਰਟੀ ਦੇ ਪਿਛਲੇ ਸਾਲ ਦੇ ਬਾਗ਼ੀ ਹੋਏ ਚਾਰ ਵਿਧਾਇਕਾਂ ਨੂੰ ਇਸ ਗੱਲ ਵਾਸਤੇਮਨਾਉਣ ਵਿਚ ਅਮਨ ਅਰੋੜਾ ਸਫਲ ਹੋ ਗਏ ਹਨ ਕਿ ਉਹ ਲੋਕ ਸੁਖਪਾਲ ਸਿੰਘ ਖਹਿਰਾ ਦਾ ਸਾਥ ਛੱਡ ਕੇ ਫਿਰ ਆਮ ਆਦਮੀ ਪਾਰਟੀ ਵਿੱਚ ਘਰ-ਵਾਪਸੀ ਕਰ ਲੈਣ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਤੋਂ ਬਾਗ਼ੀ ਹੋ ਕੇ ਨਵਾਂ ਧੜਾ ਬਣਾਉਣ ਮਗਰੋਂ ਪੰਜਾਬ ਏਕਤਾ ਪਾਰਟੀ ਖੜੀ ਕਰ ਚੁੱਕੇ ਸੁਖਪਾਲ ਸਿੰਘ ਖਹਿਰਾ ਨੂੰ ਅਗਲੇ ਦਿਨੀਂ ਝਟਕਾ ਲੱਗ ਸਕਦਾ ਹੈ। ਪਾਰਟੀ ਦੇ ਚਾਰ ਬਾਗੀ ਵਿਧਾਇਕ ਕੰਵਰ ਸਿੰਘ ਸੰਧੂ, ਪਿਰਮਲ ਸਿੰਘ ਧੌਲਾ, ਜਗਦੇਵ ਸਿੰਘ ਕਮਾਲੂ ਅਤੇ ਜਗਤਾਰ ਸਿੰਘ ਜੱਗਾ ਹਿੱਸੋਵਾਲ ਵੱਲੋਂ ਘਰ ਵਾਪਸੀ ਦੀਆਂ ਖਬਰ ਆ ਰਹੀਆਂ ਹਨ। ਕੱਲ੍ਹ



ਮੰਗਲਵਾਰ ਅਮਨ ਅਰੋੜਾ ਵੱਲੋਂ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨਾਲ ਮੁਲਾਕਾਤ ਵੇਲੇ ਜਗਦੇਵ ਸਿੰਘ ਕਮਾਲੂ ਤੇ ਪਿਰਮਲ ਸਿੰਘ ਧੌਲਾ ਵੱਲੋਂ ਵਫ਼ਦ ਵਿਚ ਜਾਣ ਤੋਂ ਇਨ੍ਹਾਂ ਖਬਰਾਂ ਨੂੰ ਤਾਕਤ ਮਿਲੀ ਹੈ। ਅਮਨ ਅਰੋੜਾ ਦੇ ਨੇੜਲਿਆਂ ਨੇ ਵੀ ਚਾਰਾਂ ਵਿਧਾਇਕਾਂ ਵੱਲੋਂ ਘਰ ਵਾਪਸੀ ਦੀ ਤਾਈਦ ਕੀਤੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ ਪਾਰਟੀ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਭਾਵੇਂ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਅਮਨ ਅਰੋੜਾ ਵਿਚਾਲੇ ਮੀਡੀਆ ਸਾਹਮਣੇ ਪਾਰਟੀ ਵਿਚ ਕੋਈ ਧੜੇਬੰਦੀ ਨਾ ਹੋਣ ਦੀ ਗੱਲ ਕਰਦੇ ਹਨ, ਪਰ ਅਮਨ ਅਰੋੜਾ ਤੇ ਹਰਪਾਲ ਸਿੰਘ ਚੀਮਾ ਦੀ ਅਣਬਣ ਲੁਕੀ ਨਹੀਂ ਰਹੀ ਅਤੇ ਪਾਰਟੀ ਦਾ ਦਫ਼ਤਰੀ ਕੰਮ ਹਰਪਾਲ ਸਿੰਘ ਚੀਮਾ ਦੀ ਸਰਕਾਰੀ ਰਿਹਾਇਸ਼ ਸੈਕਟਰ 39 ਤੋਂ ਚੱਲਦਾ ਹੈ। ਦੂਸਰੇ ਪਾਸੇ ਅਮਨ ਅਰੋੜਾ ਵੱਲੋਂ ਐੱਮ ਐੱਲਏ ਹੋਸਟਲ ਤੋਂ ਆਪਣੇ ਸਾਥੀਆਂ ਅਤੇ ਮੀਡੀਆ ਨਾਲ ਸੰਪਰਕ ਕੀਤਾ ਜਾਂਦਾ ਹੈ।

ਪਿਛਲੇ ਸਾਲ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਅਹੁਦੇ ਤੋਂ ਹਟਾਉਣ ਪਿੱਛੋਂ ਪਾਰਟੀ ਦੇ ਵਿਧਾਇਕ ਦੋ ਥਾਂਈਂ ਪਾਟ ਗਏ ਤੇ ਖਹਿਰਾ ਸਮੇਤ ਛੇ ਵਿਧਾਇਕ ਬਾਗ਼ੀ ਹੋ ਗਏ ਸਨ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਪਿੱਛੋਂਬਾਗ਼ੀ ਸਰਗਰਮੀਆਂ ਤੇ ਅਨੁਸ਼ਾਸ਼ਨ ਤੋੜਨ ਦੇ ਦੋਸ਼ ਹੇਠ ਸੁਖਪਾਲ ਸਿੰਘ ਖਹਿਰਾ ਅਤੇ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੂੰ ਸਸਪੈਂਡ ਕਰ ਦਿੱਤਾ ਸੀ। ਹਲਕਾ ਦਾਖਾ ਤੋਂ ਵਿਧਾਇਕ ਐੱਚ ਐੱਸ ਫੂਲਕਾ ਦਾ ਅਸਤੀਫ਼ਾ ਪ੍ਰਵਾਨ ਹੋ ਜਾਣ ਕਾਰਨ ਪਾਰਟੀ ਵਿਧਾਇਕਾਂ ਦੀ ਗਿਣਤੀ 19 ਰਹਿ ਗਈ ਹੈ। ਇਨ੍ਹਾਂ ਵਿਚੋਂ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਜੈਤੋ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਇਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੇ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਚੁੱਕੇ ਹਨ। ਦੋ ਹੋਰ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆਂ ਅਤੇ ਅਮਰਜੀਤ ਸਿੰਘ ਸੰਦੋਆ ਕਾਂਗਰਸ ਵਿਚ ਸ਼ਾਮਲ ਹੋਣ ਕਾਰਨ ਵਿਧਾਨ ਸਭਾ ਤੋਂ ਅਸਤੀਫ਼ਾ ਵੀ ਦੇ ਚੁੱਕੇ ਹਨ।

# ਮੈਨੂੰ ਕੱਢਣ ਤੋਂ ਪਹਿਲਾਂ ਹੀ ਮੇਰੀਆਂ ਸੋਸ਼ਲ ਮੀਡੀਆ ਪੋਸਟਸ ਬਾਰੇ ਲਿਬਰਲ ਪਾਰਟੀ ਜਾਣਦੀ ਸੀ : ਗੁਇਲੈ

...ਪੰਨਾ 1 ਦਾ ਬਾਕੀ

ਗੁਇਲੈ ਨੇ ਆਖਿਆ ਕਿ ਜਿਸ ਦਿਨ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢਿਆ ਗਿਆ ਉਸ ਦਿਨ ਹੀ ਉਹ ਐਕਸ਼ਨ ਪਲੈਨ ਲਾਗੂ ਕੀਤਾ ਜਾਣਾ ਸੀ। ਗੁਇਲੈ ਨੇ ਇਹ ਵੀ ਆਖਿਆ ਕਿ ਉਨ੍ਹਾਂ ਦੀਆਂ ਸੋਸ਼ਲ ਮੀਡੀਆ ਪੋਸਟਸ ਪਹਿਲਾਂ ਹੀ ਜਨਤਕ ਸਨ ਤੇ 2017 ਵਿੱਚ ਉਨ੍ਹਾਂ ਨੂੰ ਲਿਬਰਲ ਉਮੀਦਵਾਰ ਬਣਾਉਣ ਲਈ ਉਨ੍ਹਾਂ ਤੱਕ ਪਹੁੰਚ ਕਰਨ ਤੋਂ ਪਹਿਲਾਂ ਪਾਰਟੀ ਇਹ ਜਾਣਦੀ ਸੀ ਜਾਂ ਪਾਰਟੀ ਨੂੰ ਇਨ੍ਹਾਂ ਬਾਰੇ ਪਤਾ ਹੋਣਾ ਚਾਹੀਦਾ ਸੀ। ਇਸ ਸਾਬਕਾ ਇਮਾਮ ਨੇ ਆਖਿਆ ਕਿ ਉਹ ਅਕਤੂਬਰ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਵਿੱਚ ਲਿਬਰਲ ਵਜੋਂ ਹਿੱਸਾ ਲੈਣਾ ਚਾਹੁੰਦੇ ਸਨ ਪਰ ਉਨ੍ਹਾਂ ਇਹ ਸੰਕੇਤ ਵੀ ਦਿੱਤਾ ਕਿ ਜੇ ਉਨ੍ਹਾਂ ਨੂੰ ਬਹਾਲ ਨਾ ਕੀਤਾ ਗਿਆ ਤਾਂ ਉਹ ਕਿਸੇ ਹੋਰ ਪਾਰਟੀ ਵੱਲੋਂ ਵੀ ਚੋਣਾਂ ਵਿੱਚ ਹਿੱਸਾ ਲੈ ਸਕਦੇ ਹਨ ਤੇ ਜਾਂ ਫਿਰ ਆਜ਼ਾਦ ਉਮੀਦਵਾਰ ਵਜੋਂ ਚੋਣਾਂ ਵਿੱਚ ਹਿੱਸਾ ਲੈਣਗੇ।

# ਅਵਾਰਾ ਪਸ਼ੂਆਂ ਬਾਰੇ ਮੁੱਖ ਮੰਤਰੀ ਵੱਲੋਂ ਕਾਰਵਾਈ ਦੇ ਆਦੇਸ਼

ਜਲੰਧਰ, 4 ਸਤੰਬਰ (ਪੋਸਟ ਬਿਊਰੋ)- ਸੜਕੀ ਹਾਦਸਿਆਂ ਤੇ ਫਸਲਾਂ ਖਰਾਬ ਕਰਨ ਦਾ ਕਾਰਨ ਬਣੇ ਅਵਾਰਾ ਪਸ਼ੂਆਂ ਦੇ ਮਾਮਲੇ 'ਚ ਪੰਜਾਬ ਸਰਕਾਰ ਨੇ ਕਾਰਵਾਈ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਸਮਾਜ ਸੇਵੀ ਗੌਰਵ ਜੈਨ ਨੇ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਬਾਰੇ ਗੌਰਵ ਜੈਨ ਨੂੰ ਮੁੱਖ ਮੰਤਰੀ ਵੱਲੋਂ ਕਾਰਵਾਈ ਲਈ ਦਫਤਰ ਤੋਂ ਚਿੱਠੀ ਵੀ ਭੇਜੀ ਗਈ ਹੈ, ਜਿਸ 'ਚ ਕਿਹਾ ਗਿਆ ਹੈ ਕਿ ਅਵਾਰਾ ਪਸ਼ੂਆਂ ਦੇ ਕੇਸ ਵਿੱਚ ਪ੍ਰਿੰਸੀਪਲ ਸੈਕਟਰੀ ਲੋਕਲ ਬਾਡੀਜ਼ ਵਿਭਾਗ ਅਤੇ ਸੈਕਟਰੀ ਪਸ਼ੂ ਪਾਲਣ ਵਿਭਾਗ ਨੂੰ ਕਾਰਵਾਈ ਲਈ ਆਦੇਸ਼ ਦਿੱਤੇ ਗਏ ਹਨ।

# ਕਸ਼ਮੀਰ ਮਾਮਲਾ ਵਲੈਤ ਪੁੱਜਾ: ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਉੱਤੇ ਪੱਥਰਬਾਜ਼ੀ ਹੋਣ ਪਿੱਛੋਂ ਦੋ ਜਣੇ ਗ੍ਰਿਫ਼ਤਾਰ

ਲੰਡਨ, 4 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨੀ ਮੂਲ ਦੇ ਕੁਝ ਲੋਕਾਂ ਨੇ ਇਕ ਵਾਰ ਫਿਰ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਨੂੰ ਨਿਸ਼ਾਨਾ ਬਣਾਇਆ ਅਤੇ ਪੱਥਰਬਾਜ਼ੀ ਕੀਤੀ ਹੈ।ਇਸ ਦੌਰਾਨ ਭਾਰਤੀ ਹਾਈ ਕਮਿਸ਼ਨ ਦੇ ਸਾਹਮਣੇ ਬ੍ਰਿਟੇਨ ਵਿਚਲੇ ਪਾਕਿਸਤਾਨੀਆਂ ਵੱਲੋਂ ਕੀਤੇ ਕਸ਼ਮੀਰ ਪ੍ਰਦਰਸ਼ਨ ਵਿੱਚ ਹੋਈ ਝੜਪਦੇ ਬਾਅਦ ਦੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਨ੍ਹਾਂ ਲੋਕਾਂ ਨੇ ਭਾਰਤੀ ਹਾਈ ਕਮਿਸ਼ਨ ਦੀ ਇਮਰਾਤ ਉੱਤੇ ਆਂਡੇ, ਟਮਾਟਰ, ਪੱਥਰ, ਸਮੋਗ ਬੰਬ ਤੇ ਬੋਤਲਾਂ ਸੁੱਟੀਆਂ, ਜਿਸ ਨਾਲ ਇਮਾਰਤ ਦੇ ਸ਼ੀਸ਼ੇ ਟੁੱਟ ਗਏ। ਲੰਡਨ ਵਿਚਇਹ ਦੂਸਰੀ ਵਾਰ ਹੋਇਆ ਹੈ। ਪਹਿਲਾਂ 15 ਅਗਸਤ ਨੂੰ ਹਾਈ ਕਮਿਸ਼ਨ ਵਿਚਆਜ਼ਾਦੀ ਦਿਨ ਮਨਾ ਰਹੇ ਭਾਰਤੀਆਂ ਉੱਤੇ ਹਮਲਾ ਕੀਤਾ ਗਿਆ ਸੀ। ਭਾਰਤੀ ਹਾਈ ਕਮਿਸ਼ਨ ਨੇ ਆਪਣੀ ਬਿਲਡਿੰਗ ਉੱਤੇ ਹਮਲੇ ਦੀ ਫੋਟੋ ਟਵੀਟ ਕਰ ਕੇ ਇਸ ਦੀ ਸ਼ਿਕਾਇਤ ਕੀਤੀ ਤੇ ਲੰਡਨ ਦੇ ਮੇਅਰ ਸਾਦਿਕ ਖ਼ਾਨ ਨੂੰ ਇਸ ਘਟਨਾ ਬਾਰੇ ਦੱਸ ਕੇ ਪ੍ਰਦਰਸ਼ਨਕਾਰੀਆਂ ਉੱਤੇ ਕਾਰਵਾਈ ਦੀ ਬੇਨਤੀ ਕੀਤੀ ਹੈ। ਪਾਕਿਸਤਾਨੀ ਮੂਲ ਦੇ ਲੰਡਨ ਦੇ ਮੇਅਰ ਸਾਦਿਕ ਖ਼ਾਨ ਨੇ ਇਸ ਘਟਨਾ ਦੀ ਆਲੋਚਨਾ ਕੀਤੀ ਤੇ ਇਕ ਟਵੀਟ ਵਿੱਚ ਲਿਖਿਆ ਹੈ, 'ਮੈਂ ਪੂਰੀ ਤਰ੍ਹਾਂ ਇਸ ਪ੍ਰਵਾਨ ਨਾ ਕੀਤੇ ਜਾਣ ਯੋਗ ਵਿਹਾਰ ਦੀ ਨਿੰਦਾ ਕਰਦਾ ਹਾਂ।' ਪਤਾ ਲੱਗਾ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਪਾਕਿਸਤਾਨੀ ਮੂਲ ਦੇ ਬ੍ਰਿਟਿਸ਼ ਲੋਕਾਂ ਨੇ ਭਾਰਤੀ ਹਾਈ ਕਮਿਸ਼ਨ ਦੇ ਵੱਲ ਰੋਸ ਮਰਾਚ ਕੀਤਾ ਤੇ ਉਹ ਕਸ਼ਮੀਰ ਦੀ ਆਜ਼ਾਦੀ ਦੇ ਨਾਅਰੇ ਲਾਉਣ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 21ਵੀਂ ਸਦੀ ਦਾ ਹਿਟਲਰ ਤੇ ਅੱਤਵਾਦੀ ਕਰਾਰ ਦੇ ਰਹੇ ਸਨ। ਬ੍ਰਿਟਿਸ਼ ਪਾਕਿਸਤਾਨੀਆਂ ਨੇ ਇਸ ਵਿਰੋਧ ਪ੍ਰਦਰਸ਼ਨ ਨੂੰ 'ਕਸ਼ਮੀਰ ਫ੍ਰੀਡਮ ਮਾਰਚ' ਦਾ ਨਾਂ ਦਿੱਤਾ ਸੀ।ਰੈਲੀ ਦੀ ਅਗਵਾਈ ਯੂਕੇ ਦੀ ਲੇਬਰ ਪਾਰਟੀ ਦੇ ਕੁਝ ਪਾਰਲੀਮੈਂਟ ਮੈਂਬਰਾਂ ਨੇ ਕੀਤੀ ਸੀ। ਪ੍ਰਦਰਸ਼ਨਕਾਰੀ ਲੋਕਾਂ ਦੇ ਹੱਥਾਂ ਵਿੱਚ ਮਕਬੂਜ਼ਾ ਕਸ਼ਮੀਰ ਦੇ ਝੰਡੇ ਅਤੇ ਤਖ਼ਤੀਆਂ ਸਨ, ਜਿਨ੍ਹਾਂ ਉੱਤੇ ਲਿਖਿਆ ਸੀ: ਕਸ਼ਮੀਰ ਵਿੱਚ ਫਾਇਰਿੰਗ ਬੰਦ ਕਰੋ। ਉਨ੍ਹਾਂ ਵੱਲੋਂ 'ਅਸੀਂ ਆਜ਼ਾਦੀ ਚਾਹੁੰਦੇ ਹਾਂ' ਦੇ ਨਾਅਰੇ ਵੀ ਲਾਏ ਜਾ ਰਹੇ ਸਨ।


ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3, Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Aikam TV
Aikam Arts Academy
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਿਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਹਰਫ਼ਨ ਮੌਲਾ ਕਲਾਕਾਰ ਹਰਜੀਤ ਸਿੰਘ ਸੰਧੂ



-ਪ੍ਰਿੰ. ਸਰਵਣ ਸਿੰਘ-

ਸਾਲਾਂਬੱਧੀ ਸੰਘਰਸ਼ ਦਾ ਨਾਂ ਹੈ ਹਰਜੀਤ ਸਿੰਘ ਸੰਧੂ। ਕਦੇ ਉਹ ਚੋਟੀ ਦਾ ਫੁੱਟਬਾਲ ਖਿਡਾਰੀ ਸੀ, ਫਿਰ ਪੀ. ਟੀ. ਮਾਸਟਰ ਬਣਿਆ ਤੇ ਹੁਣ ਹਰਫ਼ਨ ਮੌਲਾ ਮੋਜ਼ੇਕ ਕਲਾਕਾਰ ਹੈ। ਕੱਚ ਦੀਆਂ ਬਰੀਕ ਟੁੱਕੜੀਆਂ ਨਾਲ ਕਲਾਤਮਿਕ ਚਿੱਤਰ ਚਿੱਤਰਨ ਵਾਲਾ ਕਲਾਕਾਰ। ਲਲਿਤ ਕਲਾ ਅਕੈਡਮੀ ਚੰਡੀਗੜ੍ਹ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਲੈ ਕੇ ਟੋਰਾਂਟੋ ਤੇ ਨਿਊ ਯਾਰਕ ਦੇ ਕਲਾ ਕਦਰਦਾਨਾਂ ਵੱਲੋਂ ਉਸ ਨੂੰ ਅਨੇਕਾਂ ਅਵਾਰਡ ਮਿਲੇ ਹਨ। ਉਸ ਨੂੰ ਕਲਾ ਦੀ ਚੇਟਕ ਰੌਕ ਗਾਰਡਨ ਚੰਡੀਗੜ੍ਹ ਵਾਲੇ ਨੇਕ ਚੰਦ ਨੂੰ ਵੇਖ ਕੇ ਲੱਗੀ ਸੀ। ਲੱਗਦੈ ਉਹ ਵੀ ਨੇਕ ਚੰਦ ਵਾਂਗ ਨਿਵੇਕਲੀਆਂ ਪੈੜਾਂ ਛੱਡੇਗਾ।

ਉਹਦੀਆਂ ਗੱਲਾਂ ਹੁਣ ਮੋਗੇ ਤੋਂ ਨਿਊ ਯਾਰਕ ਤਕ ਹੁੰਦੀਆਂ ਹਨ। ਦੇਸ਼ ਵਿਦੇਸ਼ ਵਿਚ ਉਹਦੇ ਮੋਜ਼ੇਕ ਚਿੱਤਰਾਂ ਦੀਆਂ ਨੁਮਾਇਸ਼ਾਂ ਲੱਗਦੀਆਂ ਹਨ। ਮਾਣ ਸਨਮਾਨ ਮਿਲਦੇ ਹਨ। ਉਹਦਾ ਜੀਵਨ ਸਫ਼ਰ ਖੇਡ ਮੈਦਾਨ ਤੋਂ ਸ਼ੁਰੂ ਹੋ ਕੇ ਕਲਾ ਸਟੂਡੀਓ ਤਕ ਪੁੱਜਾ ਹੈ। ਵੇਖਣ ਨੂੰ ਉਹ ਸਿੱਧੜ ਜਿਹਾ ਜਾਪਦੈ। ਪੱਕਾ ਰੰਗ, ਕਰੜ ਬਰੜੀ ਦਾੜ੍ਹੀ, ਸੰਘਣੀਆਂ ਸਿਹਲੀਆਂ, ਤਿੱਖੀਆਂ ਬਰੀਕ ਅੱਖਾਂ, ਫੁੱਲੀਆਂ ਹੋਈਆਂ ਗੰਨੀਆਂ, ਢਾਲੂ ਮੁੱਛਾਂ ਤੇ ਅੱਟਣਾਂ ਵਾਲੇ ਹੱਥ। ਚੁੱਪ ਰਹੇ ਤਾਂ ਚੁੱਪ, ਪਰ ਜਦੋਂ ਬੋਲਦੈ ਤਾਂ ਵਾਰੀ ਨਹੀਂ ਲੈਣ ਦਿੰਦਾ। ਤਿੱਖੀ ਆਵਾਜ਼ ਵਿਚ ਤੇਜ਼ਤਰਾਰ ਗੱਲਾਂ ਕਰਦਾ ਕੁਝ ਬੜਬੋਲਾ ਵੀ ਲੱਗਦੈ ਪਰ ਹੈ ਨਿਰਾ ਅਫ਼ਲਾਤੂਨ। ਸੱਤਰ ਸਾਲਾਂ ਦਾ ਹੋ ਕੇ ਵੀ ਜੁਆਨ ਦਿਸਦਾ ਹੈ ਅਤੇ ਜੁਆਨਾਂ ਵਰਗੇ ਜੋਸ਼ ਨਾਲ ਹੀ ਭਰਿਆ ਹੋਇਆ ਹੈ।

ਉਹਦੇ ਬਾਰੇ ਬਲਦੇਵ ਸਿੰਘ ਸੜਕਨਾਮਾ ਨੇ ਪੁਸਤਕ ਲਿਖੀ ਹੈ ਜੋ ਮੋਮੀ ਕਾਗਜ਼ ਉਤੇ ਉਹਦੀਆਂ ਕਲਾ ਕਿਰਤਾਂ ਨਾਲ ਸ਼ਿੰਗਾਰੀ ਹੋਈ ਹੈ। ਲਿਖਿਆ ਹੈ ਕਿ ਬਚਪਨ ਤੋਂ ਹੀ ਹਰਜੀਤ ਦੇ ਹੱਥ ਕਦੇ ਨਿਚਲੇ ਨਹੀਂ ਰਹੇ। ਸ਼ਾਇਦ ਹੀ ਕੋਈ ਸ਼ਰਾਰਤ ਹੋਵੇ ਜਿਹੜੀ ਉਸ ਨੇ ਬਚਪਨ ਵਿਚ ਨਾ ਕੀਤੀ ਹੋਵੇ ਤੇ ਮਾਂ ਪਿਉ ਤੋਂ ਕੁੱਟ ਨਾ ਖਾਧੀ ਹੋਵੇ। ਕੌਡੀਆਂ ਬੰਟੇ ਖੇਡਣ, ਪਤੰਗਾਂ ਦੇ ਪੇਚੇ ਪਾਉਣ ਤੇ ਘਰ ਦੇ ਨੌਕਰ ਦੀ ਬੋਦੀ ਪੁੱਟਣ ਦੀਆਂ ਇੱਲਤਾਂ ਨਾ ਕੀਤੀਆਂ ਹੋਣ। ਅਤੇ ਪੇਂਟਿੰਗ ਤੇ ਕਲੇਅ ਮਾਡਲਿੰਗ ਤੋਂ ਲੈ ਕੇ ਸ਼ੀਸ਼ਾਕਾਰੀ ਤਕ ਸ਼ਾਇਦ ਹੀ ਕੋਈ ਕਲਾ ਹੋਵੇ ਜਿਸ ਨਾਲ ਉਹਦੇ ਪੋਟਿਆਂ ਨੇ ਪੰਗੇ ਨਾ ਲਏ ਹੋਣ। ਤਦੇ ਬਲਦੇਵ ਸਿੰਘ ਨੇ ਉਹਦੇ ਜੀਵਨ ਤੇ ਕਲਾ ਬਾਰੇ ਲਿਖੀ ਪੁਸਕਤ ਦਾ ਨਾਂ ਰੱਖਿਆ: ਪੋਟੇ ਬੋਲ ਪਏ।

ਬਲਦੇਵ ਸਿੰਘ ਲਿਖਦਾ ਹੈ, "ਕੀ ਕੋਈ ਸੋਚ ਸਕਦਾ ਹੈ, ਦਸਵੀਂ ਵਿਚੋਂ ਦੋ ਵਾਰ ਫੇਲ੍ਹ ਹੋਣ ਵਾਲਾ ਵਿਦਿਆਰਥੀ, ਛੱਪੜਾਂ ਦੀ ਚੀਕਣੀ ਮਿੱਟੀ ਨਾਲ ਬਲਦ ਘੋੜੇ ਬਣਾਉਂਦਾ ਫਾਈਨ ਆਰਟਸ ਦੀ ਐੱਮ. ਏ. ਕਰ ਸਕਦਾ ਹੈ ਤੇ ਆਪਣੀ ਵਿਸ਼ੇਸ਼ ਕਲਾ 'ਮੁਜ਼ੇਕ ਆਰਟ' ਵਿਚ ਅਜਿਹੀਆਂ ਕਲਾ-ਕ੍ਰਿਤਾਂ ਤਿਆਰ ਕਰਦਾ ਹੈ ਕਿ ਵਿਸ਼ਵ ਭਰ ਦੇ ਕਲਾਕਾਰ, ਉਸ ਦੀ ਕਲਾ ਦਾ ਲੋਹਾ ਮੰਨਦੇ ਹਨ।"

ਪੰਜਾਹ ਪਹਿਲਾਂ ਦੀ ਗੱਲ ਹੈ। ਮੈਂ ਉਦੋਂ ਢੁੱਡੀਕੇ ਕਾਲਜ ਵਿਚ ਲੈਕਚਰਾਰ ਸਾਂ। ਭਿੰਦਰ ਸਿੰਘ ਸੋਹੀ ਡੀ. ਪੀ. ਈ. ਸੀ। ਅਸੀਂ ਕਾਲਜ ਦੀਆਂ ਕਬੱਡੀ, ਹਾਕੀ ਤੇ ਫੁੱਟਬਾਲ ਦੀਆਂ ਟੀਮਾਂ ਬਣਾਉਣੀਆਂ ਅਤੇ ਪੰਜਾਬ ਯੂਨੀਵਰਸਿਟੀ ਦੇ ਇੰਟਰ ਕਾਲਜ ਮੈਚ ਜਿੱਤਣੇ ਸ਼ੁਰੂ ਕਰ ਲਏ ਸਨ। ਦੋ ਤਿੰਨ ਸਾਲਾਂ ਵਿਚ ਹੀ ਅਸੀਂ ਕਬੱਡੀ ਤੇ ਹਾਕੀ ਦੇ ਯੂਨੀਵਰਸਿਟੀ ਚੈਂਪੀਅਨ ਬਣਨ ਲੱਗ ਪਏ ਸਾਂ। ਆਏ ਸਾਲ ਲਾਜਪਤ ਰਾਏ ਖੇਡ ਮੇਲਾ ਖੂਬ ਭਰਦਾ। ਕਬੱਡੀ, ਹਾਕੀ ਤੇ ਫੁੱਟਬਾਲ ਦੀਆਂ ਟੀਮਾਂ ਦੂਰੋਂ ਦੂਰੋਂ ਢੁੱਡੀਕੇ ਦੇ ਖੇਡ ਮੇਲੇ ਵਿਚ ਭਾਗ ਲੈਣ ਆਉਂਦੀਆਂ। ਉਥੇ ਰੰਗ ਬਰੰਗੇ ਝੰਡੇ ਝੂਲਦੇ, ਖਿਡਾਰੀਆਂ ਦੇ ਭਖੇ ਹੋਏ ਜੁੱਸੇ ਲਿਸ਼ਕਦੇ, ਗਰਾਊਂਡਾਂ ਵਿਚ ਵੱਜਦੀਆਂ ਵਿਸਲਾਂ ਅਤੇ ਦਰਸ਼ਕਾਂ ਦੀਆਂ ਤਾੜੀਆਂ ਨਾਲ ਆਲਾ ਦੁਆਲਾ ਗੂੰਜ ਉਠਦਾ। ਕਿਧਰੇ ਕਬੱਡੀਆਂ ਪੈਂਦੀਆਂ, ਕਿਧਰੇ ਹਾਕੀ ਦੀਆਂ ਗੇਂਦਾਂ ਨਾਲ ਫੱਟੇ ਖੜਕਦੇ ਤੇ ਕਿਧਰੇ ਫੁੱਟਬਾਲ ਦੀਆਂ ਕਿੱਕਾਂ ਲੱਗਦੀਆਂ।

ਉਦੋਂ ਕੁ ਹੀ ਮੈਂ ਇਕ ਸਕੂਲ ਦੇ ਪੀ. ਟੀ. ਨੂੰ ਫੁੱਟਬਾਲ ਖੇਡਦੇ ਵੇਖਿਆ। ਉਹਦਾ ਨਾਂ ਹਰਜੀਤ ਸਿੰਘ ਸੀ। ਉਹਦੀਆਂ ਕਿੱਕਾਂ ਵਿਚ ਜਾਨ ਸੀ। ਤੇਜ਼ ਦੌੜਦਾ ਹੋਇਆ ਪਾਸ ਦਿੰਦਾ ਲੈਂਦਾ ਸੀ। ਉਦੋਂ ਉਹ ਪੈਰਾਂ ਦੀ ਕਲਾਕਾਰੀ ਵਿਖਾਉਂਦਾ ਸੀ ਜਦ ਕਿ ਹੁਣ ਹੱਥਾਂ ਦੀ ਕਲਾਕਾਰੀ ਵਿਖਾ ਰਿਹੈ। ਹੈਰਾਨ ਹੋਈਦੈ ਕਿ ਉਹ ਰੰਗੀਨ ਸ਼ੀਸ਼ਿਆਂ ਨੂੰ ਕੱਟ ਤਰਾਸ਼ ਕੇ ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਟੁਕੜੀਆਂ ਨੂੰ ਕਿਵੇਂ ਜੋੜ ਲੈਂਦੈ ਕਿ ਕਦੇ ਉਹ ਬਾਬਾ ਫਰੀਦ ਦੇ ਦੁਆਵਾਂ ਮੰਗਦੇ ਹੱਥ ਤੇ ਮਿਹਰਬਾਨ ਚਿਹਰਾ ਮੁਹਰਾ ਬਣ ਜਾਂਦੀਆਂ ਹਨ ਤੇ ਕਦੇ ਮਦਰ ਟੈਰੇਸਾ ਦੇ ਸੇਵਾ ਭਾਵ ਦਾ ਬਿੰਬ ਬਣਦੀਆਂ ਹਨ। ਕਦੇ ਬਰੀਕ ਟੁੱਕੜੀਆਂ ਨਾਲ ਬਣਾਏ ਦਰਬਾਰ ਸਾਹਿਬ ਦੀ ਸੁਨਹਿਰੀ ਝਲਕ ਸਰੋਵਰ ਵਿਚ ਲਹਿਰਾਉਂਦੀ ਦਿਸਦੀ ਹੈ। ਸ਼ੀਸ਼ੇ ਦੀਆਂ ਟੁੱਕੜੀਆਂ ਵਿਚ ਦੀ ਪਾਣੀ 'ਚ ਪੈਂਦੀ ਝਲਕ ਨੂੰ ਠੋਸ ਕਲਾਕ੍ਰਿਤੀ ਰਾਹੀਂ ਵਿਖਾਉਣਾ ਸੌਖਾ ਕਾਰਜ ਨਹੀਂ। ਇਕ ਦੋ ਦਿਨ ਨਹੀਂ, ਮਹੀਨੇ ਲੱਗ ਜਾਂਦੇ ਹਨ ਅਜਿਹੇ ਕਾਰਜ ਨੂੰ ਨੇਪਰੇ ਚਾੜ੍ਹਦਿਆਂ। ਅਜਿਹੀ ਕਲਾ ਦੀ ਕਦਰ ਮੁਜ਼ੇਕ ਕਲਾ ਦੇ ਜੌਹਰੀ ਹੀ ਪਾ ਸਕਦੇ ਹਨ।

ਹਰਜੀਤ ਸੰਧੂ ਦੇ ਵਡੇਰੇ ਮਾਝੇ ਦੇ ਵਸਨੀਕ ਸਨ। ਉਹਦਾ ਦਾਦਾ ਕਲਕੱਤੇ ਟੈਕਸੀ ਚਲਾਉਣ ਲੱਗ ਪਿਆ ਸੀ। ਉਹਦੇ ਘਰ ਹਰਜੀਤ ਦਾ ਪਿਤਾ ਬਣਨ ਵਾਲਾ ਮੇਲਾ ਸਿੰਘ 1908 ਵਿਚ ਜੰਮਿਆ ਜੋ ਬੀ. ਏ. ਕਰ ਕੇ ਰੇਲਵੇ ਦਾ ਅਫ਼ਸਰ ਬਣ ਗਿਆ। ਉਹ ਮੋਗੇ ਦੇ ਪਿੰਡ ਕਾਲੀਏ ਵਾਲੇ ਵਿਆਹਿਆ ਗਿਆ ਤੇ ਤਰੱਕੀ ਕਰਦਾ ਦੇਸ਼ ਵੰਡ ਸਮੇਂ ਯੂ. ਪੀ. ਵਿਚ ਮੁਗ਼ਲ ਸਰਾਏ ਸਟੇਸ਼ਨ ਦਾ ਸਭ ਤੋਂ ਵੱਡਾ ਅਫ਼ਸਰ ਬਣ ਗਿਆ। ਉਥੇ ਵੱਡਾ ਬੰਗਲਾ ਤੇ ਨੌਕਰ ਚਾਕਰ ਮਿਲ ਗਏ। ਮੇਲਾ ਸਿੰਘ ਦੇ ਤਿੰਨ ਪੁੱਤਰ ਹੋਏ ਤੇ ਦੋ ਪੁੱਤਰੀਆਂ। ਹਰਜੀਤ ਦਾ ਜਨਮ 7 ਜਨਵਰੀ 1949 ਨੂੰ ਭਾਵੇਂ ਮੋਗੇ 'ਚ ਹੋਇਆ ਪਰ ਬਚਪਨ ਮੁਗ਼ਲ ਸਰਾਏ ਦੇ ਬੰਗਲੇ, ਵਧੀਆ ਸਕੂਲਾਂ ਤੇ ਵਧੀਆ ਗਰਾਊਂਡਾਂ ਵਿਚ ਖੇਡਦਿਆਂ ਬੀਤਿਆ। ਬਾਪ ਅਸੂਲਾਂ ਦਾ ਪੱਕਾ ਤੇ ਅਨੁਸਾਸ਼ਨ ਦਾ ਪਾਬੰਦ ਸੀ ਜਿਸ ਕਰਕੇ ਬੱਚਿਆਂ ਨੂੰ ਖਿੱਚ ਕੇ ਰੱਖਦਾ। ਉਹ ਚਾਹੁੰਦਾ ਸੀ ਉਹਦੇ ਬੱਚੇ ਕਿਸੇ ਕਲਾਕਾਰੀ ਵੱਲ ਜਾਣ ਦੀ ਥਾਂ ਵਧੀਆ ਵਿਦਿਆਰਥੀ, ਵਧੀਆ ਖਿਡਾਰੀ ਤੇ ਵੱਡੇ ਅਫ਼ਸਰ ਬਣਨ। ਪਰ ਹੋਣੀ ਨੂੰ ਕੌਣ ਮੋੜੇ?

ਹਰਜੀਤ ਬਾਰਾਂ ਕੁ ਸਾਲਾਂ ਦਾ ਸੀ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਵਿਧਵਾ ਮਾਂ ਪੰਜਾਂ ਬੱਚਿਆਂ ਨੂੰ ਲੈ ਕੇ ਮੋਗੇ ਬਿਰਧ ਬਾਪ ਦੇ ਬੂਹੇ ਆ ਬੈਠੀ। ਬਾਪ ਦੇ ਚਾਰ ਧੀਆਂ ਹੀ ਧੀਆਂ ਸਨ, ਪੁੱਤਰ ਕੋਈ ਨਹੀਂ ਸੀ। ਦੋ ਧੀਆਂ ਵਿਧਵਾ ਹੋ ਗਈਆਂ ਸਨ। ਉਨ੍ਹਾਂ ਦੇ ਸਾਰੇ ਬੱਚੇ ਵਿਦਿਆਰਥੀ ਸਨ। ਪਰਿਵਾਰ ਦੀ ਆਮਦਨ ਕੋਈ ਹੈ ਨਹੀਂ ਸੀ। ਨਾਨੇ ਦੀ ਜ਼ਮੀਨ ਦੇ ਠੇਕੇ ਨਾਲ ਹੀ ਪਰਿਵਾਰ ਦੀ ਗੱਡੀ ਰਿੜ੍ਹਨੀ ਸ਼ੁਰੂ ਹੋਈ। ਹਰਜੀਤ ਮੋਗੇ ਦੇ ਆਰੀਆ ਸਕੂਲ ਵਿਚ ਦਾਖਲ ਹੋ ਗਿਆ। ਅਰਜ਼ੀ ਦੇ ਕੇ ਫੀਸ ਮੁਆਫ਼ ਕਰਾਈ। ਪਰ ਉਹ ਪੜ੍ਹਨ ਦੀ ਥਾਂ ਮਿੱਟੀ ਦੇ ਬਲਦ ਘੋੜੇ ਬਣਾਉਂਦਾ ਰਹਿੰਦਾ ਜਿਸ ਦੇ ਸਿੱਟੇ ਵਜੋਂ ਦਸਵੀਂ 'ਚੋਂ ਦੋ ਵਾਰ ਫੇਲ੍ਹ ਹੋ ਗਿਆ। ਫਿਰ ਕਰੇ ਤਾਂ ਕੀ ਕਰੇ?

ਹਾਰ ਕੇ ਹਰਜੀਤ ਨੂੰ ਮੋਗੇ ਦੀ ਨੈਸਲੇ ਡੇਅਰੀ ਵਿਚ ਦਰਜਾ ਚਾਰ ਕਰਮਚਾਰੀ ਬਣਨਾ ਪਿਆ। ਜਦੋਂ ਚਾਰ ਪੈਸੇ ਹੱਥ ਆਏ ਤਾਂ ਦੁਬਾਰਾ ਮਿਸ਼ਨ ਸਕੂਲ ਵਿਚ ਪੜ੍ਹਨ ਲੱਗ ਪਿਆ। ਹਮਦਰਦ ਅਧਿਆਪਕਾਂ ਦੀ ਹੱਲਾਸ਼ੇਰੀ ਨਾਲ ਦਸਵੀਂ ਪਾਸ ਕਰ ਗਿਆ। ਮਿਸ਼ਨ ਸਕੂਲ ਵਿਚ ਪੜ੍ਹਦਿਆਂ ਉਹ ਪੰਜਾਬ ਪੱਧਰ 'ਤੇ ਫੁੱਟਬਾਲ ਖੇਡਿਆ ਅਤੇ ਡਰਾਇੰਗ ਵਿਚ ਸਭ ਤੋਂ ਵਧੀਆ ਵਿਦਿਆਰਥੀ ਸਾਬਤ ਹੋਇਆ।



ਮਾਸਟਰ ਨਿਰਮਲ ਸਿੰਘ ਗਿੱਲ ਨੇ ਉਸ ਨੂੰ ਬੀ. ਐਂਡ ਕਾਲਜ ਦੇ ਆਰਟ ਪ੍ਰੋਫ਼ੈਸਰ ਡੀ. ਐਸ. ਰਾਠੌਰ ਦੇ ਲੜ ਲਾ ਦਿਤਾ। ਰਾਠੌੜ ਦੀ ਸੰਗਤ ਵਿਚ ਹਰਜੀਤ ਦੀ ਪ੍ਰਤਿਭਾ ਨੂੰ ਸੇਧ ਮਿਲ ਗਈ। ਉਹ ਕਿਸੇ ਆਰਟ ਕਾਲਜ ਵਿਚ ਦਾਖਲਾ ਲੈਣਾ ਚਾਹੁੰਦਾ ਸੀ ਪਰ ਗੇੜ ਅਜਿਹਾ ਬਣਿਆ ਕਿ ਪਟਿਆਲੇ ਦੇ ਸਰੀਰਕ ਸਿੱਖਿਆ ਕਾਲਜ ਵਿਚ ਜਾ ਦਾਖਲ ਹੋਇਆ। ਉਥੇ ਉਹਦੀ ਕਲਾ ਪ੍ਰਤਿਭਾ ਵੀ ਚਮਕਣੀ ਸ਼ੁਰੂ ਹੋ ਗਈ। ਖਿਡਾਰੀ ਵੀ ਤਕੜਾ ਬਣ ਗਿਆ। ਪਰ ਨਾ ਕਲਾ ਵਿਚ ਰੁਜ਼ਗਾਰ ਸੀ ਨਾ ਖੇਡ ਵਿਚ।

ਫਿਰ ਰੁਜ਼ਗਾਰ ਦਫਤਰਾਂ ਦੇ ਧੱਕੇ ਖਾਂਦਾ ਕਦੇ ਕਿਸੇ ਸਕੂਲ 'ਚ ਪੀ. ਟੀ. ਕਰਾਉਣ ਲੱਗਦਾ, ਕਦੇ ਕਿਸੇ ਸਕੂਲ ਵਿਚ। ਉਹ ਜਿਸ ਸਕੂਲ ਵਿਚ ਵੀ ਪੀ. ਟੀ. ਲੱਗਦਾ ਉਹਦੀਆਂ ਹੀ ਟੀਮਾਂ ਜਿੱਤਣ ਲੱਗਦੀਆਂ। ਅੱਜ ਵੀ ਉਹਦੇ ਸਮਕਾਲੀ ਅਧਿਆਪਕ ਦੱਸਦੇ ਹਨ, "ਹਰਜੀਤ ਬਣਨਾ ਬਹੁਤ ਔਖਾ ਹੈ। ਉਹ ਤਾਂ ਦੂਸਰੇ ਅਧਿਆਪਕਾਂ ਦੇ ਖਾਲੀ ਪੀਰੀਅਡ ਵਿਚ ਵੀ ਕਲਾਸਾਂ ਵਿਚ ਜਾ ਵੜਦਾ। ਬੱਚਿਆਂ ਨੂੰ ਗਰਾਊਂਡ ਵਿਚ ਲੈ ਜਾਂਦਾ। ਕਦੇ ਗਿੱਲੀ ਮਿੱਟੀ ਨਾਲ ਜਾਨਵਰ ਬਣਾਉਣੇ ਸਿਖਾਉਂਦਾ। ਕਦੇ ਪੇਂਟਿੰਗ ਸਿਖਾਉਂਦਾ, ਕਦੇ ਲੱਕੜ ਤਰਾਸ਼ੀ। ਹਰਜੀਤ ਦੇ ਸਕੂਲ ਵਿਚ ਹੁੰਦਿਆਂ, ਮਜਾਲ ਹੈ ਕੋਈ ਕਲਾਸ ਵਿਹਲੀ ਹੋਵੇ ਤੇ ਬੱਚੇ ਰੌਲਾ ਪਾਉਂਦੇ ਹੋਣ। ਪੂਰਾ ਸਕੂਲ ਕੰਟਰੋਲ ਵਿਚ ਹੁੰਦਾ ਸੀ। ਸੱਚ ਆਖੀਏ ਹਰਜੀਤ ਦਾ ਰੰਗ ਗਰਾਊਂਡਾਂ ਵਿਚ ਬੱਚਿਆਂ ਨੂੰ ਪ੍ਰੈਕਟਿਸ ਕਰਵਾਉਂਦਿਆਂ ਹੀ ਧੁੱਪਾਂ 'ਚ ਕਾਲਾ ਹੋਇਆ। ਉਹ ਤਾਂ ਛੁੱਟੀ ਵਾਲੇ ਦਿਨ ਵੀ ਬੱਚਿਆਂ ਨੂੰ ਸਕੂਲ ਵਿਚ ਬੁਲਾ ਲੈਂਦਾ ਸੀ ਤੇ ਆਪ ਮੋਗਿਓਂ ਸਵੇਰੇ ਹੀ ਸਾਈਕਲ 'ਤੇ ਨਿਕਲ ਜਾਂਦਾ, ਕਦੇ ਡਾਲੇ, ਕਦੇ ਮਹਿਣੇ, ਕਦੇ ਘੱਲ ਕਲਾਂ, ਕਦੇ ਦੀਨਾ ਸਾਹਿਬ ਤੇ ਕਦੇ ਦੌਲਤਪੁਰੇ...। ਅੱਜ ਕੱਲ੍ਹ ਤਾਂ ਮਾਸਟਰ ਕੰਮ ਵਾਲੇ ਦਿਨ ਨੀ ਬੱਚਿਆਂ ਨੂੰ ਪੜ੍ਹਾਉਂਦੇ, ਛੁੱਟੀ ਵਾਲੇ ਦਿਨ ਕੌਣ ਜਾਂਦੈ? ਹਰਜੀਤ ਬਣਨਾ ਬਹੁਤ ਔਖਾ ਹੈ।"

ਪੀ. ਟੀ. ਹੁੰਦਿਆਂ ਉਸ ਨੇ ਪ੍ਰਾਈਵੇਟ ਤੌਰ 'ਤੇ ਬੀ. ਏ. ਕਰ ਲਈ। ਉਹ ਵੀ ਫਸਟ ਕਲਾਸ ਵਿਚ। ਫਿਰ ਸਕੂਲੋਂ ਛੁੱਟੀ ਲੈ ਕੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਤੋਂ ਫਾਈਨ ਆਰਟਸ ਦੀ ਐਮ. ਏ. ਕੀਤੀ। 1983 ਵਿਚ ਉਸ ਨੂੰ ਸਟੇਟ ਪੱਧਰ ਦਾ ਕਲਾ ਅਵਾਰਡ ਮਿਲਿਆ। ਪੰਜਾਬ ਦੇ ਗਵਰਨਰ ਨੇ ਉਚੇਚਾ ਪਰਸ਼ੰਸਾ ਪੱਤਰ ਦਿੱਤਾ। ਬਾਬਾ ਫਰੀਦ ਮੇਲੇ ਵਿਚ ਡੀ. ਸੀ. ਫਰੀਦਕੋਟ ਨੇ ਤੇ ਲਾਜਪਤ ਰਾਏ ਮੇਲਾ ਢੁੱਡੀਕੇ ਵਿਚ ਮੁੱਖ ਸਕੱਤਰ ਨੇ ਅਵਾਰਡ ਦਿੱਤੇ। ਫਿਰ ਉਹ ਆਪਣੀ ਭੈਣ ਕੋਲ ਨਿਊ ਯਾਰਕ ਚਲਾ ਗਿਆ। ਉਥੇ ਸਾਈਨ ਬੋਰਡ ਲਿਖਣ ਦੀ ਮਜ਼ਦੂਰੀ ਕਰਦਾ ਰਿਹਾ। ਆਖ਼ਰ 2010 ਤੋਂ ਉਹਦੀ ਮੋਜ਼ੇਕੀ ਦਾ ਮੁੱਲ ਪੈਣ ਲੱਗਾ। ਚਿੱਤਰਾਂ ਦੀ ਮਾਣ ਭੇਟਾ ਹਜ਼ਾਰਾਂ ਡਾਲਰਾਂ ਤਕ ਚਲੀ ਗਈ। ਉਥੋਂ ਦੇ ਕਲਾ ਪਾਰਖੂਆਂ ਨੇ ਕਿਹਾ, "ਇਹ ਤਾਂ ਛੁਪਿਆ ਰੁਸਤਮ ਨਿਕਲਿਆ!"

ਉਸ ਨੇ ਕੱਚ ਦੀਆਂ ਬਰੀਕ ਟੁੱਕੜੀਆਂ ਜੋੜ ਕੇ ਬਾਬਾ ਫਰੀਦ ਦਾ ਚਿੱਤਰ ਬਣਾਇਆ ਜਿਸ ਵਿਚ ਚਿਹਰੇ ਦੀ ਰੂਹਾਨੀਅਤ ਵੀ ਉਜਾਗਰ ਕੀਤੀ। ਮੋਜ਼ੇਕ ਸ਼ੈਲੀ ਵਿਚ 'ਆਸਕਰ ਅਵਾਰਡ' ਦੇ ਘੁੰਮਦੇ ਹੋਣ ਦਾ ਪ੍ਰਭਾਵ ਪੂਰੀ ਪ੍ਰਵੀਨਤਾ ਨਾਲ ਸਿਰਜਿਆ। ਹਰਿਮੰਦਰ ਸਾਹਿਬ ਦਾ ਚਿੱਤਰ ਇਕ ਸਾਲ ਦੀ ਮਿਹਨਤ ਨਾਲ ਤਿਆਰ ਕੀਤਾ। ਉਸ ਵਿਚ ਸਰੋਵਰ 'ਤੇ ਪੈਂਦਾ ਅਕਸ ਚਮਤਕਾਰੀ ਮਹਿਸੂਸ ਹੁੰਦਾ ਹੈ। ਨੀਲੇ ਤੇ ਸੁਨਹਿਰੀ ਰੰਗ ਅਧਿਆਤਮਿਕ ਰੂਪ ਨੂੰ ਨਿਖਾਰਦੇ ਹਨ। ਕਲਾ ਪਾਰਖੂ ਮੋਨਿਕਾ ਨਾਰਥ ਅਮੈਰੀਕਨ ਸਿੱਖ ਰੀਵਿਊ ਵਿਚ ਲਿਖਦੀ ਹੈ, "ਹਰਜੀਤ ਦਾ ਆਰਟ ਵਰਕ ਆਪਣੇ ਮੂੰਹੋਂ ਆਪ ਬੋਲਦਾ ਹੈ ਜੋ ਉਹਦੇ ਸਬਰ ਸੰਤੋਖ, ਸਖ਼ਤ ਮਿਹਨਤ, ਲਗਨ, ਦ੍ਰਿੜਤਾ ਤੇ ਤਿਆਗ ਦੀ ਗਵਾਹੀ ਦਿੰਦਾ ਹੈ।"

ਡਾ. ਸਰੋਦ ਪਾਂਦੇ ਨੇ ਲਿਖਿਆ, "ਹਰਜੀਤ ਮਿੱਟੀ, ਲੱਕੜ ਤੇ ਪੱਥਰਾਂ ਨਾਲ ਆਪਣੀ ਪਿਛਲੇ ਜਨਮ ਦੀ ਸਾਂਝ ਦੱਸਦਾ ਹੈ। ਉਹ ਮਿੱਟੀ ਵਿਚ ਸਿਰਜੇ ਚਿਹਰੇ ਤੇ ਪੰਜਾਂ ਇੰਦਰੀਆਂ ਦਾ ਮੇਲ ਇੰਜ ਮੇਲਦਾ ਹੈ ਜਿਵੇਂ ਖ਼ਾਸ ਮਿੱਟੀ, ਖ਼ਾਸ ਆਦਮੀ ਦੇ ਚਰਿਤਰ ਲਈ ਹੀ ਬਣੀ ਹੋਵੇ। ਹਰਜੀਤ ਟੋਭਿਆਂ ਦੀ ਮਿੱਟੀ ਨੂੰ ਸਾਕਾਰ ਰੂਪ ਦੇਣ ਵਾਲਾ ਕਲਾਕਾਰ ਹੈ।"

ਉਸ ਦੇ ਆਰਟ ਗੁਰੂ ਪ੍ਰੋ. ਡੀ. ਐਸ. ਰਾਠੌਰ ਜੋ ਪੈਂਸਲ ਵਰਕ, ਵਾਟਰ-ਕਲਰ, ਆਇਲ ਕਲਰ ਤੇ ਬੁੱਤ ਤਰਾਸ਼ੀ ਵਿਚ ਮਾਹਿਰ ਸਨ, ਹਰਜੀਤ ਨੂੰ ਐਸਾ ਚੰਡਿਆ ਸੀ ਕਿ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਹਰਜੀਤ ਆਪਣੀ ਮਿਹਨਤ ਤੇ ਲਗਨ ਬਾਰੇ ਦੱਸਦਾ ਹੈ, "ਇਕ ਵਾਰ ਮੈਂ ਰਾਠੌਰ ਸਾਹਿਬ ਕੋਲ ਬੈਠਾ ਸ਼ਹੀਦ ਭਗਤ ਸਿੰਘ ਦਾ ਮਿੱਟੀ ਦਾ ਬੁੱਤ ਰਿਹਾ ਸਾਂ। ਮੈਂ ਆਪਣੇ ਕੰਮ ਵਿਚ ਏਨਾ ਮਗਨ ਸਾਂ ਕਿ ਪਤਾ ਹੀ ਨਹੀਂ ਲੱਗਾ, ਕਿੰਨੇ ਘੰਟੇ ਮੈਂ ਪੈਰਾਂ ਭਾਰ ਬੈਠਾ ਆਪਣੀ ਧੁਨ ਵਿਚ ਲੱਗਾ ਰਿਹਾ? ਜਦੋਂ ਸ਼ਾਮ ਨੂੰ ਕੰਮ ਖ਼ਤਮ ਕਰ ਕੇ ਉੱਠਣ ਲੱਗਾ ਤਾਂ ਧੜੰਮ ਕਰ ਕੇ ਪਿੱਠ ਪਰਨੇ ਡਿੱਗ ਪਿਆ। ਪੈਰਾਂ ਨੇ ਭਾਰ ਹੀ ਨਾ ਝੱਲਿਆ। ਪੈਰ ਤਾਂ ਜਿਵੇਂ ਮੇਰੇ ਨਾਲ ਈ ਨਹੀਂ ਸਨ। ਸੁੰਨ ਮਸੁੰਨ, ਭਾਵੇਂ ਹੌਲੀ ਹੌਲੀ ਵੱਢ ਦਿਉ, ਮੈਨੂੰ ਭੋਰਾ ਪੀੜ ਨਾ ਹੋਵੇ। ਖੜਕਾ ਸੁਣ ਕੇ ਗੁਰੂ ਰਾਠੌਰ ਭੱਜੇ ਆਏ ਤੇ ਚੁੱਕਿਆ।"

ਦਰਅਸਲ ਸਿਰਜਣਾ ਵਿਚ ਲੀਨ ਹੋਏ ਨੇ ਮਹਿਸੂਸ ਹੀ ਨਾ ਕੀਤਾ ਕਿ ਪੈਰਾਂ ਨੂੰ ਉਸ ਦੀ ਬਲੱਡ ਸਰਕੁਲੇਸ਼ਨ ਰੁਕ ਚੁੱਕੀ ਹੈ। ਤਦੇ ਕਿਹਾ ਜਾਂਦਾ ਹੈ ਕਿ ਕਲਾਕਾਰ ਕਲਾ ਸਿਰਜਣਾ ਵਿਚ ਅਕਸਰ ਡੁੱਬ ਜਾਂਦੇ ਹਨ।

ਹਰਜੀਤ ਸੰਧੂ ਨੇ ਬਾਬਾ ਫਰੀਦ ਤੋਂ ਲੈ ਕੇ ਦਰਬਾਰ ਸਾਹਿਬ, ਮਦਰ ਟਰੀਸਾ, ਬਰਾਕ ਓਬਾਮਾ, ਔਸਕਰ ਅਵਾਰਡ, ਮੇਅਰ ਬਲੂਮ ਬਰਗ ਤੇ ਸ਼ਹੀਦ ਭਗਤ ਸਿੰਘ ਆਦਿ ਦੇ ਮੋਜ਼ੇਕ ਸਿਰਜੇ ਹਨ ਅਤੇ ਮਿੱਟੀ ਤੇ ਲੱਕੜ ਦੀਆਂ ਕਲਾ ਕ੍ਰਿਤਾਂ ਵੀ ਹਨ। ਉਹਦਾ ਇਹ ਸਫ਼ਰ ਜਾਰੀ ਹੈ ਜੋ ਅੰਤਲੇ ਦਮ ਤਕ ਜਾਰੀ ਰਹੇਗਾ। ਕਿਸੇ ਕਵੀ ਦੀਆਂ ਸਤਰਾਂ ਹਨ:

ਜਦੋਂ ਵਾਰੀ ਆਈ ਤਾਂ ਜਹਾਨ ਛੱਡ ਜਾ
ਪਿੱਛੇ ਪਰ ਪੈੜਾਂ ਦੇ ਨਿਸ਼ਾਨ ਛੱਡ ਜਾ
ਲੱਖਾਂ ਆਏ ਮੇਲਿਆਂ 'ਚ ਗੁੰਮ ਹੋ ਗਏ
ਵੱਖਰੀ ਕੋਈ ਆਪਣੀ ਪਛਾਣ ਛੱਡ ਜਾ







## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage
Independently Owned and Operated
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

# ਟਾਲਸਟਾਏ ਦਾ 'ਵਾਰ ਐਂਡ ਪੀਸ' ਬਨਾਮ ਬੌਧਿਕਤਾ ਦੇ ਖ਼ਿਲਾਫ਼ ਯੁੱਧ

-ਬੂਟਾ ਸਿੰਘ






ਬੰਬੇ ਹਾਈ ਕੋਰਟ ਦੇ ਜਸਟਿਸ ਸਾਰੰਗ ਕੋਟਵਾਲ ਵੱਲੋਂ ਟਾਲਸਟਾਏ ਦੇ ਪ੍ਰਸਿੱਧ ਨਾਵਲ 'ਅਮਨ ਅਤੇ ਜੰਗ' (ਵਾਰ ਐਂਡ ਪੀਸ)' ਬਾਰੇ ਕੀਤੀ ਆਪਣੀ ਟਿੱਪਣੀ ਬਾਰੇ ਸਥਿਤੀ ਸਪੱਸ਼ਟ ਕਰਨ ਮਗਰੋਂ ਵਿਵਾਦ ਖ਼ਤਮ ਹੋ ਗਿਆ। 'ਵਾਰ ਐਂਡ ਪੀਸ' ਸੰਸਾਰ ਪ੍ਰਸਿੱਧ ਲੇਖਕ ਲਿਊ ਟਾਲਸਟਾਏ ਦਾ ਨਾਵਲ ਹੋਣ ਕਾਰਨ ਅਦਾਲਤੀ ਟਿੱਪਣੀ ਉੱਤੇ ਸਵਾਲ ਉੱਠੇ ਪਏ ਤਾਂ ਇਸ ਦਾ ਸਪੱਸ਼ਟੀਕਰਨ ਆਇਆ ਕਿ ਟਿੱਪਣੀ ਟਾਲਸਟਾਏ ਦੀ ਕਿਤਾਬ ਬਾਰੇ ਨਹੀਂ, ਸਗੋਂ ਇਸੇ ਨਾਂਅ ਵਾਲੀ ਬਿਸ਼ਵਜੀਤ ਰਾਏ ਦੀ ਕਿਤਾਬ ਬਾਰੇ ਕੀਤੀ ਸੀ, ਪਰ ਸਵਾਲ ਦਾ ਅਗਲਾ ਹਿੱਸਾ ਅਜੇ ਵੀ ਹੱਲ ਨਹੀਂ ਹੋਇਆ ਹੈ, ਜੋ ਪ੍ਰੋਫੈਸਰ ਵਰਨੋਨ ਗੋਂਸਾਲਵੇਜ਼ ਕੋਲ ਬੇਗਾਨੇ ਦੇਸ਼ ਦੇ ਯੁੱਧ ਬਾਰੇ ਕਿਤਾਬ ਹੋਣ ਬਾਰੇ ਸੀ। ਸਵਾਲ ਕਿਸੇ ਮਸ਼ਹੂਰ ਕਿਤਾਬ ਦਾ ਨਹੀਂ, ਵਿਚਾਰਾਂ ਦੀ ਆਜ਼ਾਦੀ ਦਾ ਹੈ। ਕਿਤਾਬ ਲਿਊ ਟਾਲਸਟਾਏ ਦੀ ਹੋਵੇ ਜਾਂ ਬਿਸ਼ਵਜੀਤ ਰਾਏ ਦੀ, ਇਸ ਨਾਲ ਫ਼ਰਕ ਨਹੀਂ ਪੈਂਦਾ। ਕਿਸੇ ਸ਼ਖ਼ਸ ਨੇ ਕਿਹੜੀ ਕਿਤਾਬ ਪੜ੍ਹਨੀ ਅਤੇ ਖ਼ਰੀਦ ਕੇ ਆਪਣੀ ਲਾਇਬਰੇਰੀ ਵਿਚ ਰੱਖਣੀ ਹੈ, ਇਹ ਉਸ ਦਾ ਨਿੱਜੀ ਮਾਮਲਾ ਹੈ। ਹਾਲ ਇਹ ਹੈ ਕਿ ਸਟੇਟ ਮਸ਼ੀਨਰੀ ਨੂੰ ਇਸ ਬੁਨਿਆਦੀ ਮਨੁੱਖੀ ਹੱਕ ਦਾ ਘਾਣ ਕਰਨ ਤੋਂ ਵੀ ਕੋਈ ਗੁਰੇਜ਼ ਨਹੀਂ। ਸਮਾਜ ਵਿਚ ਜਾਤ-ਪਾਤੀ ਅਤੇ ਫਿਰਕੂ ਨਫ਼ਰਤ ਫੈਲਾਉਣ ਵਾਲੇ ਲੋਕਾਂ ਦੇ ਬੁੱਤ ਲਾ ਕੇ ਉਨ੍ਹਾਂ ਨੂੰ ਕੌਮੀ ਹੀਰੋ ਦੱਸਿਆ ਜਾ ਰਿਹਾ ਹੈ ਤੇ ਰੌਸ਼ਨ ਖ਼ਿਆਲ ਲੋਕਾਂ ਦੀਆਂ ਨਿੱਜੀ ਲਾਇਬਰੇਰੀਆਂ ਫਰੋਲ ਕੇ ਦੇਸ਼-ਧ੍ਰੋਹ ਦੇ ਸਬੂਤ ਲੱਭੇ ਜਾ ਰਹੇ ਹਨ।

ਸਾਹਮਣੇ ਆਏ ਸਪੱਸ਼ਟੀਕਰਨ ਤੋਂ ਬਾਅਦ ਕਿਸੇ ਨੂੰ ਲੱਗ ਸਕਦਾ ਹੈ ਕਿ ਵਿਵਾਦ ਕਿਤਾਬ ਦੇ ਨਾਂ ਬਾਰੇ ਪੈਦਾ ਹੋਈ ਗ਼ਲਤ ਫ਼ਹਿਮੀ ਦਾ ਨਤੀਜਾ ਸੀ ਅਤੇ ਮੀਡੀਆ ਨੇ ਐਵੇਂ ਰਾਈ ਦਾ ਪਹਾੜ ਬਣਾ ਦਿੱਤਾ। ਵਿਵਾਦ ਦਾ ਕਾਰਨ ਬਣੀ ਟਿੱਪਣੀ ਜੱਜ ਨੇ ਭੀਮਾ-ਕੋਰੇਗਾਉਂ ਸਾਜ਼ਿਸ਼ ਕੇਸ ਦੇ ਤਿੰਨ ਮੁਲਜ਼ਮਾਂ: ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਨੋਨ ਗੋਂਸਾਲਵੇਜ਼ ਅਤੇ ਅਰੁਣ ਫ਼ਰੇਰਾ ਦੀਆਂ ਜ਼ਮਾਨਤ ਅਰਜ਼ੀਆਂ ਦੀ ਸੁਣਵਾਈ ਦੌਰਾਨ ਕੀਤੀ। ਪਿਛਲੇ ਸਾਲ 28 ਅਗਸਤ ਨੂੰ ਪੂਨੇ ਪੁਲੀਸ ਨੇ ਨੌਂ ਨਾਮਵਰ ਬੁੱਧੀਜੀਵੀਆਂ ਤੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਦੀ ਕਹਾਣੀ ਅਨੁਸਾਰ, ਉਹ ਪਾਬੰਦੀ ਸ਼ੁਦਾ ਮਾਓਵਾਦੀ ਪਾਰਟੀ ਦੀ ਯੋਜਨਾ ਹੇਠ 31 ਦਸੰਬਰ 2017 ਨੂੰ ਭੀਮਾ-ਕੋਰੇਗਾਉਂ ਵਿਚ ਹਿੰਸਾ ਭੜਕਾਉਣ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲੇ 'ਸ਼ਹਿਰੀ ਨਕਸਲੀ' ਹਨ। ਉਨ੍ਹਾਂ ਉੱਤੇ ਸਟੇਟ ਦੇ ਖ਼ਿਲਾਫ਼ ਜੰਗ ਛੇੜਨ ਅਤੇ ਜੰਗ ਦੀ ਸਾਜ਼ਿਸ਼ ਰਚਣ ਬਾਰੇ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ ਅਤੇ ਗ਼ੈਰ ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ ਏ ਪੀ ਏ) ਲਾਏ ਜਾਣ ਕਾਰਨ ਉਹ ਪਿਛਲੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਹਨ। ਯੂ ਏ ਪੀ ਏ ਕਾਨੂੰਨ ਹੇਠ ਉਨ੍ਹਾਂ ਦੀ ਜ਼ਮਾਨਤ ਪੁਲੀਸ ਦੀ ਮਨਜ਼ੂਰੀ ਤੋਂ ਬਾਅਦ ਹੀ ਹੋ ਸਕਦੀ ਹੈ।

ਸਵਾਲ ਹੈ ਕਿ ਇਹ ਫਰਜ਼ੀ ਐੱਫ ਆਈ ਆਰ (ਕੇਸ ਦੀ ਪਹਿਲੀ ਸੂਚਨਾ ਰਿਪੋਰਟ) ਦਰਜ ਕਰਨ ਵਾਲੀ ਪੁਲੀਸ ਇਨ੍ਹਾਂ ਬੁੱਧੀਜੀਵੀਆਂ ਨੂੰ ਜ਼ਮਾਨਤ ਦੇਣ ਲਈ ਸਹਿਮਤੀ ਕਿਉਂ ਦੇਵੇਗੀ, ਜਿਸ ਦੀ ਮਨਸ਼ਾ ਉਨ੍ਹਾਂ ਨੂੰ ਬਿਨਾ ਕੇਸ ਚਲਾਏ ਤੋਂ ਸਾਲਾਂ ਬੱਧੀ ਜੇਲ੍ਹ ਵਿਚ ਸਾੜਨ ਦੀ ਹੈ? ਪੂਨੇ ਪੁਲੀਸ ਨੇ 7000 ਪੰਨਿਆਂ ਦੀ ਚਾਰਜਸ਼ੀਟ ਪੇਸ਼ ਕੀਤੀ ਹੈ, ਜਿਹੜੀ ਕਥਿਤ ਤੌਰ ਉੱਤੇ ਮੁਲਜ਼ਮਾਂ ਦੇ ਕੰਪਿਊਟਰਾਂ ਦੀਆਂ ਹਾਰਡ ਡਿਸਕਾਂ ਤੇ ਹੋਰ ਡੇਟਾ ਸਟੋਰੇਜ ਡਿਵਾਈਸਾਂ ਵਿਚੋਂ ਬਰਾਮਦ ਸਮੱਗਰੀ ਉੱਤੇ ਆਧਾਰਤ ਹੈ। ਅੰਦਾਜ਼ਾ ਇਹ ਹੈ ਕਿ ਇਸ ਵਿਸ਼ਾਲ ਸਮੱਗਰੀ ਦੀਆਂ ਪ੍ਰਿੰਟਿਡ ਕਾਪੀਆਂ ਦੋਸ਼ੀਆਂ ਨੂੰ ਹਾਸਲ ਕਰਾਉਣ ਲਈ ਘੱਟੋ-ਘੱਟ ਢਾਈ ਸਾਲ ਲੱਗ ਜਾਣਗੇ। ਪੂਨੇ ਪੁਲੀਸ ਵੱਲੋਂ ਬਣਾਈ 'ਨਹਾਇਤ ਇਤਰਾਜ਼ ਯੋਗ ਸਮੱਗਰੀ' ਦੀ ਸੂਚੀ ਵਿਚ ਅਜਿਹੀਆਂ ਕਿਤਾਬਾਂ ਅਤੇ ਸੀ ਡੀਜ਼ ਸ਼ਾਮਲ ਹਨ, ਜਿਨ੍ਹਾਂ ਤੋਂ 'ਯੁੱਧ' ਦੀ ਝਲਕ ਮਿਲਦੀ ਹੋਵੇ। ਇਸ ਪਿੱਛੇ ਸੋਚ ਇਹ ਕੰਮ ਕਰਦੀ ਹੈ ਕਿ ਯੁੱਧ ਸਿਰਲੇਖ ਤੋਂ ਹੀ ਜੱਜ ਸਾਹਿਬਾ ਦੀ ਰਾਏ ਬਣ ਜਾਵੇਗੀ ਕਿ ਇਹ ਬੁੱਧੀਜੀਵੀ ਸਟੇਟ ਖ਼ਿਲਾਫ਼ ਯੁੱਧ ਛੇੜਨ ਦੀ ਸਾਜ਼ਿਸ਼ ਵਿਚ ਸ਼ਾਮਲ ਹਨ।

ਪੂਨੇ ਪੁਲੀਸ ਨੇ ਪ੍ਰੋਫੈਸਰ ਵਰਨੋਨ ਦੇ ਘਰੋਂ ਮਿਲੀ 'ਇਤਰਾਜ਼ ਯੋਗ ਸਮੱਗਰੀ' ਦੀ ਜੋ ਸੂਚੀ ਅਦਾਲਤ ਵਿਚ ਪੇਸ਼ ਕੀਤੀ ਹੈ, ਉਸ ਵਿਚ 'ਵਾਰ ਐਂਡ ਪੀਸ' ਅਤੇ 'ਮਾਓਵਾਦੀਆਂ ਨੂੰ ਸਮਝਦਿਆਂ' ਨਾਂ ਵਾਲੀਆਂ ਕਿਤਾਬਾਂ, ਦਲਿਤ ਸੰਗੀਤ ਮੰਡਲੀ ਕਬੀਰ ਕਲਾ ਮੰਚ ਦੀ ਸੀ ਡੀ, ਆਨੰਦ ਪਟਵਰਧਨ ਦੀ ਇੱਕ ਮਸ਼ਹੂਰ ਦਸਤਾਵੇਜ਼ੀ ਫਿਲਮ 'ਜੈ ਭੀਮ ਕਾਮਰੇਡ', ਆਨਲਾਈਨ 'ਮਾਰਕਸਿਸਟ ਆਰਕਾਈਵ' ਦੀ ਸੀ ਡੀ ਵਗੈਰਾ ਸ਼ਾਮਲ ਹਨ। ਜੱਜ ਨੇ ਵਰਨੋਨ ਗੋਂਸਾਲਵੇਜ਼ ਨੂੰ ਸਵਾਲ ਕਰ ਦਿੱਤਾ ਕਿ ਉਸ ਦੇ ਘਰ ਤੋਂ ਮਿਲੀ 'ਇਤਰਾਜ਼ ਯੋਗ ਸਮੱਗਰੀ' ਵਿਚੋਂ ਸੀ ਡੀ 'ਰਾਜਯਾ ਦਮਨ ਵਿਰੋਧੀ' ਦਾ ਸਿਰਲੇਖ ਹੀ ਇਹ ਗੱਲ ਦਰਸਾਉਂਦਾ ਹੈ ਕਿ ਇਹ ਸਟੇਟ ਦੇ ਖ਼ਿਲਾਫ਼ ਕੁਝ ਹੈ, ਜਦ ਕਿ 'ਵਾਰ ਐਂਡ ਪੀਸ' ਦੂਸਰੇ ਦੇਸ਼ਾਂ ਦੇ ਯੁੱਧ ਬਾਰੇ ਹੈ, ਤੂੰ ਇਹ ਇਤਰਾਜ਼ ਯੋਗ ਸਮੱਗਰੀ ਜਿਵੇਂ 'ਵਾਰ ਐਂਡ ਪੀਸ', ਅਜਿਹੀਆਂ ਕਿਤਾਬਾਂ ਅਤੇ ਸੀ ਡੀਜ਼ ਘਰ ਵਿਚ ਕਿਉਂ ਰੱਖੀਆਂ? ਤੈਨੂੰ ਇਹ ਅਦਾਲਤ ਨੂੰ ਦੱਸਣਾ ਪਵੇਗਾ।

ਜੇ ਇਹ ਮੰਨ ਵੀ ਲਿਆ ਜਾਵੇ ਕਿ ਜਸਟਿਸ ਕੋਟਵਾਲ ਓਥੇ ਸੀਨੀਅਰ ਪੱਤਰਕਾਰ ਬਿਸ਼ਵਜੀਤ ਰਾਏ ਦੀ ਸੰਪਾਦਤ ਕਿਤਾਬ 'ਵਾਰ ਐਂਡ ਪੀਸ' ਦਾ ਜ਼ਿਕਰ ਕਰ ਰਹੇ ਸਨ, ਜਿਹੜੀ ਦਰਅਸਲ ਪੱਛਮੀ ਬੰਗਾਲ ਦੇ ਇਲਾਕੇ ਜੰਗਲ ਮਹੱਲ ਤੋਂ ਉੱਠੀ ਲਾਲਗੜ੍ਹ ਬਗ਼ਾਵਤ ਦੇ ਪ੍ਰਸੰਗ ਵਿਚ ਸਰਕਾਰ ਅਤੇ ਮਾਓਵਾਦੀਆਂ ਦਰਮਿਆਨ ਚੱਲੀ ਸ਼ਾਂਤੀ ਵਾਰਤਾ ਬਾਰੇ ਮਰਹੂਮ ਮਹਾਸ਼ਵੇਤਾ ਦੇਵੀ ਸਣੇ ਵੱਖ ਵੱਖ ਬੁੱਧੀਜੀਵੀਆਂ ਦੇ ਲੇਖਾਂ ਦਾ ਸੰਗ੍ਰਹਿ ਹੈ, ਫਿਰ ਵੀ ਇਹ ਸਵਾਲ ਬੇਅਰਥ ਹਨ। ਪ੍ਰੋਫੈਸਰ ਵਰਨੋਨ ਗੋਂਸਾਲਵੇਜ਼ ਦੁਨੀਆ ਭਰ ਦੇ ਸਮਾਜੀ ਵਰਤਾਰਿਆਂ ਦਾ ਡੂੰਘਾ ਅਧਿਐਨ ਕਰਨ ਵਾਲੇ ਵਿਦਵਾਨ/ਕਾਰਕੁਨ ਹਨ। ਉਹ ਆਪਣੇ ਵਿਸ਼ੇ ਨਾਲ ਸੰਬੰਧਤ ਕੋਈ ਵੀ ਕਿਤਾਬ ਪੜ੍ਹ ਸਕਦੇ ਹਨ। ਬਿਸ਼ਵਜੀਤ ਰਾਏ ਦੀ ਕਿਤਾਬ ਅਤੇ ਉਸ ਦੇ ਘਰੋਂ ਮਿਲੀ ਹੋਰ ਸਮੱਗਰੀ ਉੱਤੇ ਵੀ ਕਦੇ ਪਾਬੰਦੀ ਨਹੀਂ ਲੱਗੀ। ਫਿਰ ਇਹ ਗ਼ੈਰ ਕਾਨੂੰਨੀ ਕਿਵੇਂ ਹੋਈ? ਜਸਟਿਸ ਕੋਟਵਾਲ ਨੂੰ ਪ੍ਰੋਫੈਸਰ ਵਰਨੋਨ ਗੋਂਸਾਲਵੇਜ਼ ਦੀ ਥਾਂ ਪੂਨੇ ਪੁਲੀਸ ਨੂੰ ਸਵਾਲ ਪੁੱਛਣਾ ਚਾਹੀਦਾ ਸੀ ਕਿ ਬਾਜ਼ਾਰ ਵਿੱਚ ਥੋਕ ਵਿਚ ਮਿਲਦੀ ਇਹ ਸਮੱਗਰੀ 'ਇਤਰਾਜ਼ਯੋਗ' ਕਿਵੇਂ ਹੈ ਅਤੇ ਬਰਾਮਦਗੀ ਸੂਚੀ ਵਿਚ ਕਿਤਾਬਾਂ ਸ਼ਾਮਲ ਕਰਨ ਕਿਵੇਂ ਜਾਇਜ਼ ਹੈ?

ਵਰਨਣ ਯੋਗ ਹੈ ਕਿ ਪੁਲੀਸ ਦੇ ਪੰਚਨਾਮਿਆਂ (ਸਮਾਨ ਬਰਾਮਦਗੀ ਦੀ ਸੂਚੀ) ਵਿਚ ਏਦਾਂ ਦੀ 'ਇਤਰਾਜ਼ ਯੋਗ' ਜਾਂ 'ਗ਼ੈਰ ਕਾਨੂੰਨੀ ਸਮੱਗਰੀ' ਕੋਈ ਨਵੀਂ ਗੱਲ ਨਹੀਂ। ਖ਼ੁਫ਼ੀਆ ਏਜੰਸੀਆਂ ਅਤੇ ਪੁਲੀਸ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤੇ ਸ਼ਖ਼ਸ ਨੂੰ 'ਪਾਬੰਦੀ ਸ਼ੁਦਾ' ਜਥੇਬੰਦੀ ਨਾਲ ਸੰਬੰਧਤ ਜਾਂ 'ਗ਼ੈਰ ਕਾਨੂੰਨੀ ਕਾਰਵਾਈਆਂ' ਵਿਚ ਸ਼ਾਮਲ ਦਿਖਾਉਣ ਲਈ ਸਬੂਤ ਵਜੋਂ ਇਹੋ ਜਿਹਾ ਬਹੁਤ ਕੁਝ ਅਦਾਲਤਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਮਸ਼ਹੂਰ ਲੇਖਕ ਬਰੈਖ਼ਤ ਤੇ ਮੁਨਸ਼ੀ ਪ੍ਰੇਮ ਚੰਦ ਤੱਕ ਦੀਆਂ ਲਿਖੀਆਂ ਕਿਤਾਬਾਂ ਵੀ ਪੰਚਨਾਮਿਆਂ ਦਾ ਸ਼ਿੰਗਾਰ ਬਣ ਚੁੱਕੀਆਂ ਹਨ। ਮਹਾਂਰਾਸ਼ਟਰ ਪੁਲੀਸ ਨੇ ਨਾਗਪੁਰ ਵਿਚ ਗ੍ਰਿਫ਼ਤਾਰ ਕੀਤੇ ਕਾਰਕੁਨਾਂ ਕੋਲੋਂ ਜਿਹੜਾ 'ਪਾਬੰਦੀ ਸ਼ੁਦਾ ਸਾਹਿਤ' ਮਿਲਿਆ ਦੱਸਿਆ, ਉਸ ਵਿਚ ਡਾ. ਅੰਬੇਡਕਰ ਦੀਆਂ ਲਿਖਤਾਂ ਤੇ ਸ਼ਹੀਦ ਭਗਤ ਸਿੰਘ ਬਾਰੇ ਪੈਂਫਲਿਟ ਸ਼ਾਮਲ ਸਨ। ਪੰਜਾਬ ਵਿਚ ਮਜ਼ਦੂਰ ਆਗੂ ਸੰਜੀਵ ਮਿੰਟੂ ਦੀ ਗ੍ਰਿਫ਼ਤਾਰੀ ਸਮੇਂ ਉਸ ਕੋਲੋਂ ਮਿਲੇ 'ਪਾਬੰਦੀ ਸ਼ੁਦਾ ਸਾਹਿਤ' ਵਿਚ ਨਾਨਕ ਸਿੰਘ ਦਾ ਮਸ਼ਹੂਰ ਨਾਵਲ 'ਇਕ ਮਿਆਨ ਦੋ ਤਲਵਾਰਾਂ' ਤੇ ਤਰਕਸ਼ੀਲ ਕਿਤਾਬਾਂ ਸ਼ਾਮਲ ਸਨ।

ਪਿਛਲੇ ਸਾਲ ਗ੍ਰਿਫ਼ਤਾਰੀਆਂ ਵੇਲੇ ਪੁਲੀਸ ਅਧਿਕਾਰੀਆਂ ਦੀ ਸੋਚ ਦਾ ਇਕ ਹੋਰ ਪਾਸਾ ਵੀ ਸਾਹਮਣੇ ਆਇਆ ਸੀ। ਪ੍ਰੋਫੈਸਰ ਵਰਵਰਾ ਰਾਓ ਨੂੰ ਗ੍ਰਿਫ਼ਤਾਰ ਕਰਨ ਸਮੇਂ ਉਸ ਦੀਆਂ ਧੀ ਪਵਨ ਦੇ ਘਰ ਦੀ ਤਲਾਸ਼ੀ ਵੀ ਲਈ ਗਈ, ਜਿਹੜੀ ਹੈਦਰਾਬਾਦ ਯੂਨੀਵਰਸਿਟੀ ਵਿਚ ਵਿਦੇਸ਼ੀ ਤੇ ਅੰਗਰੇਜ਼ੀ ਜ਼ੁਬਾਨਾਂ ਦੇ ਪ੍ਰੋਫੈਸਰ ਸੱਤਿਆ ਨਰਾਇਣ ਦੀ ਪਤਨੀ ਹੈ। ਤਲਾਸ਼ੀ ਵੇਲੇ ਪੁਲੀਸ ਅਧਿਕਾਰੀਆਂ ਨੇ ਦਲਿਤ ਚਿੰਤਕ ਪ੍ਰੋਫੈਸਰ ਨੂੰ ਪੁੱਛਿਆ: 'ਤੇਰੇ ਘਰ ਐਨੀਆਂ ਕਿਤਾਬਾਂ ਕਿਉਂ ਹਨ? ਤੂੰ ਇਹ ਕਿਤਾਬਾਂ ਕਿਉਂ ਪੜ੍ਹਦਾ ਏਂ? ਮਾਓ ਤੇ ਮਾਰਕਸ ਬਾਰੇ ਕਿਤਾਬਾਂ ਕਿਉਂ ਪੜ੍ਹਦਾ ਏਂ?... ਤੇਰੇ ਘਰ ਵਿਚ ਜੋਤੀਬਾ ਫੂਲੇ ਅਤੇ ਅੰਬੇਡਕਰ ਦੀਆਂ ਤਸਵੀਰਾਂ ਕਿਉਂ ਹਨ? ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਕਿਉਂ ਨਹੀਂ?'

ਮਸ਼ਹੂਰ ਲੇਖਕਾਂ ਦੀਆਂ ਕਿਤਾਬਾਂ ਅਤੇ ਦਸਤਾਵੇਜ਼ੀ ਫਿਲਮਾਂ ਨੂੰ 'ਨਹਾਇਤ ਇਤਰਾਜ਼ ਯੋਗ ਸਮੱਗਰੀ' ਕਹਿ ਦੇਣਾ ਉੱਚ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਤੌਹੀਨ ਹੈ। ਉੱਚ ਅਦਾਲਤਾਂ ਫ਼ੈਸਲੇ ਕਰ ਚੁੱਕੀਆਂ ਹਨ ਕਿ ਮਾਓਵਾਦੀ ਵਿਚਾਰ ਰੱਖਣ, ਪਾਬੰਦੀ ਸ਼ੁਦਾ ਜਥੇਬੰਦੀ ਦਾ ਸਾਹਿਤ ਪੜ੍ਹਨ ਜਾਂ ਕਿਸੇ ਕੋਲੋਂ ਪਾਬੰਦੀ ਸ਼ੁਦਾ ਸਾਹਿਤ ਮਿਲਣ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਹ ਸ਼ਖ਼ਸ ਦਹਿਸ਼ਤਗਰਦ ਜਾਂ ਪਾਬੰਦੀ ਸ਼ੁਦਾ ਜਥੇਬੰਦੀ ਦਾ ਮੈਂਬਰ ਹੈ। ਇਸ ਬਾਰੇ ਸੁਪਰੀਮ ਕੋਰਟ (2011), ਕੇਰਲ ਹਾਈ ਕੋਰਟ (ਮਈ 2015) ਅਤੇ ਬੰਬੇ ਹਾਈ ਕੋਰਟ (ਕਬੀਰ ਕਲਾ ਮੰਚ ਕੇਸ, 2013) ਦੇ ਫ਼ੈਸਲੇ ਧਿਆਨ ਦੇਣ ਵਾਲੇ ਹਨ, ਜਿਨ੍ਹਾਂ ਵਿਚ ਕਿਹਾ ਗਿਆ ਕਿ ਮਾਓਵਾਦੀ ਹੋਣਾ ਜੁਰਮ ਨਹੀਂ, ਸਿਰਫ ਪਾਬੰਦੀਸ਼ੁਦਾ ਜਥੇਬੰਦੀ ਦੀ ਮੈਂਬਰੀ ਜੇਲ੍ਹ ਵਿਚ ਡੱਕਣ ਦਾ ਕਾਰਨ ਨਹੀਂ ਹੋ ਸਕਦੀ, ਨਾ ਸਮਾਜੀ, ਆਰਥਿਕ ਅਨਿਆਂ ਬਾਰੇ ਲਿਖਣ, ਵਿਚਾਰ ਪ੍ਰਗਟਾਉਣ ਜਾਂ ਗਾਉਣ ਨੂੰ ਜੁਰਮ ਕਿਹਾ ਜਾ ਸਕਦਾ ਹੈ। ਪਾਬੰਦੀ ਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਨਾਲ ਕਿਸੇ ਨੂੰ ਓਦੋਂ ਤੱਕ ਮੁਜਰਿਮ ਨਹੀਂ ਕਿਹਾ ਜਾ ਸਕਦਾ, ਜਦੋਂ ਤਕ ਉਸ ਦਾ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਹੋਣਾ ਜਾਂ ਇਸ ਦੇ ਲਈ ਉਕਸਾਉਣਾ ਸਾਬਤ ਨਹੀਂ ਹੁੰਦਾ। ਭਾਰਤੀ ਹੁਕਮਰਾਨਾਂ ਤੇ ਸਟੇਟ ਮਸ਼ੀਨਰੀ ਨੂੰ ਉੱਚ ਅਦਾਲਤਾਂ ਦੇ ਇਨ੍ਹਾਂ ਫ਼ੈਸਲਿਆਂ ਦੀ ਵੀ ਪ੍ਰਵਾਹ ਨਹੀਂ। ਜਮਹੂਰੀ ਵਿਰੋਧ ਨੂੰ ਕੁਚਲਣ ਲਈ ਅਕਸਰ ਬਣਾਏ ਅਜਿਹੇ ਕੇਸ ਕਈ ਕਈ ਸਾਲ ਅਦਾਲਤਾਂ ਵਿਚ ਚੱਲਦੇ ਰਹਿੰਦੇ ਹਨ।

ਏਜੰਸੀਆਂ ਦੀ ਜਾਂਚ ਕਿੰਨੀ ਬੇਬੁਨਿਆਦ ਤੇ ਤੁਅੱਸਬੀ ਹੁੰਦੀ ਹੈ, ਇਸ ਦੀ ਤਾਜ਼ਾ ਮਿਸਾਲ ਦਿਲ ਦੇ ਰੋਗਾਂ ਦੇ ਉੱਚ ਕੋਟੀ ਦੇ ਮਾਹਰ ਡਾ. ਉਪੇਂਦਰ ਕੌਲ (ਚੇਅਰਮੈਨ, ਬਤਰਾ ਹਸਪਤਾਲ, ਦਿੱਲੀ) ਦੀ ਹੈ। ਦਹਿਸ਼ਤਗਰਦੀ ਦੇ ਤਾਣੇ-ਬਾਣੇ ਦੀ ਜਾਂਚ ਕਰਨ ਵਾਲੀ ਵਿਸ਼ੇਸ਼ ਏਜੰਸੀ ਐੱਨ ਆਈ ਏ ਨੇ ਮੈਡੀਕਲ ਸ਼ਬਦਾਵਲੀ ਵਾਲੇ ਸਾਧਾਰਨ ਟੈਕਸਟ ਮੈਸੇਜ ਨੂੰ ਦਹਿਸ਼ਤ ਫੈਲਾਉਂਦੇ ਟੋਲਿਆਂ ਦੇ ਫੰਡਾਂ ਨਾਲ ਜੋੜ ਲਿਆ। ਤਿਹਾੜ ਜੇਲ੍ਹ ਵਿਚ ਬੰਦ ਕਸ਼ਮੀਰੀ ਆਗੂ ਯਾਸਿਨ ਮਲਿਕ ਡਾ. ਕੌਲ ਦੇ ਮਰੀਜ਼ ਹਨ। ਮਲਿਕ ਅਤੇ ਡਾ. ਕੌਲ ਦਰਮਿਆਨ ਬਲੱਡ ਟੈਸਟਾਂ ਦੀ ਰਿਪੋਰਟ ਬਾਬਤ ਟੈਕਸਟ ਮੈਸੇਜ ਦਾ ਆਦਾਨ-ਪ੍ਰਦਾਨ ਹੋਇਆ। ਇਕ ਟੈਕਸਟ ਮੈਸੇਜ ਵਿਚ 'ਆਈ ਐੱਨ ਆਰ 2.78' ਲਿਖਿਆ ਸੀ। ਬਲੱਡ ਰਿਪੋਰਟ ਦੇ ਬਾਰੇ ਵਰਤੀ ਜਾਂਦੀ ਇਸ ਮੈਡੀਕਲ ਟਰਮ ਦਾ ਭਾਵ ਹੈ; ਇੰਟਰਨੈਸ਼ਨਲਾਈਜ਼ਡ ਰੇਸ਼ੋ; ਲੇਕਿਨ ਜਾਂਚ ਏਜੰਸੀ ਦੇ ਮਾਹਿਰਾਂ ਨੇ ਇਸ ਨੂੰ ਦਹਿਸ਼ਤੀ ਫੰਡਾਂ ਦੇ ਤੌਰ ਉੱਤੇ ਇਸ ਤਰ੍ਹਾਂ ਡੀਕੋਡ ਕੀਤਾ: 'ਭਾਰਤੀ ਕਰੰਸੀ ਵਿਚ 2.78 ਕਰੋੜ ਰੁਪਏ ਦੀ ਹਵਾਲਾ ਰਕਮ'।

ਕੀ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਐਨੇ ਅਣਭੋਲ ਹਨ? ਜਾਪਦਾ ਹੈ, ਇਹ ਡਾ. ਕੌਲ ਨੂੰ ਪ੍ਰੇਸ਼ਾਨ ਕਰਨ ਦਾ ਢੰਗ ਸੀ, ਕਿਉਂਕਿ ਥੋੜ੍ਹੇ ਦਿਨ ਪਹਿਲਾਂ ਉਨ੍ਹਾਂ ਨੇ ਐੱਨ ਡੀ ਟੀ ਵੀ ਉੱਤੇ ਬਹਿਸ ਵਿਚ ਸ਼ਾਮਲ ਹੋ ਕੇ ਜੰਮੂ ਕਸ਼ਮੀਰ ਦੇ ਹਾਲਾਤ ਬਾਰੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਸੀ। ਇਸ ਤੋਂ ਸਾਬਤ ਹੋ ਗਿਆ ਕਿ ਭਾਜਪਾ ਸਰਕਾਰ ਦੇ ਹੁਕਮਾਂ ਦੀ ਅੱਖਾਂ ਮੀਟ ਕੇ ਤਾਮੀਲ ਕਰਦੀਆਂ ਜਾਂਚ ਏਜੰਸੀਆਂ ਸਰਕਾਰ ਦੀ ਨਿੰਦਾ ਕਰਨ ਵਾਲਿਆਂ ਉੱਤੇ ਕਿੰਨੀ ਬਾਰੀਕ ਨਜ਼ਰ ਰੱਖਦੀਆਂ ਹਨ ਅਤੇ ਕਿੰਨੀ ਮਾਮੂਲੀ ਗੱਲ ਨੂੰ ਦਹਿਸ਼ਤੀ ਤਾਣੇ-ਬਾਣੇ ਨਾਲ ਜੋੜਨ ਦੇ ਸਮਰੱਥ ਹਨ। ਦਰਅਸਲ, ਅਸੀਂ ਸਟੇਟ ਵੱਲੋਂ ਆਪਣੇ ਹੀ ਸਮਾਜ ਨੂੰ ਬੌਧਿਕਤਾ ਤੋਂ ਵਾਂਝੇ ਕਰਨ ਲਈ ਛੇੜੇ ਗਏ ਯੁੱਧ ਦਾ ਸਾਹਮਣਾ ਕਰ ਰਹੇ ਹਾਂ।

## ਹਲਕਾ ਫੁਲਕਾ

ਸੋਨੂੰ (ਡਾਕਟਰ ਨੂੰ),"ਤੁਸੀਂ ਕਿਹਾ ਸੀ ਕਿ ਸਵੇਰੇ-ਸਵੇਰੇ ਖੇਡਣ ਨਾਲ ਸਿਹਤ ਠੀਕ ਰਹਿੰਦੀ ਹੈ, ਪਰ ਮੈਨੂੰ ਤਾਂ ਕੋਈ ਫਰਕ ਨਹੀਂ ਪਿਆ?"

ਡਾਕਟਰ, "ਕਿਹੜੀ ਖੇਡ ਖੇਡਦਾ ਏਂ ਤੂੰ?"

ਸੋਨੂੰ, "ਮੋਬਾਈਲ ਉੱਤੇ ਸੱਪਾਂ ਵਾਲੀ।"

*********

ਪ੍ਰੋਫੈਸਰ, "ਹਾਥ ਕੰਗਨ ਕੋ ਆਰਸੀ ਕਿਆ ਦੇ ਮੁਹਾਵਰੇ ਦਾ ਮਤਲਬ ਸਮਝਾ।"

ਪੱਪੂ ਨੇ ਅਜਿਹਾ ਜਵਾਬ ਦਿੱਤਾ ਕਿ ਪ੍ਰੋਫੈਸਰ ਬੋਲਣ ਜੋਗਾ ਨਾ ਰਿਹਾ।

ਪੱਪੂ ਬੋਲਿਆ, "ਜਿਹੜੀਆਂ ਔਰਤਾਂ ਹੱਥ ਵਿੱਚ ਕੰਗਨ ਪਾ ਕੇ ਗੱਡੀ ਚਲਾਉਂਦੀਆਂ ਹਨ, ਪੁਲਸ ਉਨ੍ਹਾਂ ਤੋਂ ਆਰ ਸੀ (ਰਜਿਸਟਰੇਸ਼ਨ) ਨਹੀਂ ਮੰਗਦੀ।"

*********

ਪਤੀ ਦੀਆਂ ਪੰਜ ਮਿਸਡ ਕਾਲਜ਼ ਦੇਖ ਕੇ ਪਤਨੀ ਸੋਚਦੀ ਹੈ ਕਿ ਪਤਾ ਨਹੀਂ ਅੱਜ ਕੀ ਹੋਇਆ ਹੋਵੇਗਾ

...ਅਤੇ ਪਤਨੀ ਦੀਆਂ ਪੰਜ ਮਿਸਡ ਕਾਲਜ਼ ਦੇਖ ਕੇ ਪਤੀ ਸੋਚਦਾ ਹੈ ਕਿ ਪਤੀ ਨਹੀਂ ਅੱਜ ਮੇਰੇ ਨਾਲ ਕੀ ਹੋਵੇਗਾ।

# ਗੁਰੂ ਨਾਨਕ ਦਾ ਵਿਆਹ ਪੁਰਬ

-ਅੰਮ੍ਰਿਤਦੀਪ ਸਿੰਘ

ਗੁਰੂ ਨਾਨਕ ਦੇਵ ਦਾ ਜਨਮ ਜਿਸ ਵੇਲੇ ਹੋਇਆ, ਉਸ ਵੇਲੇ ਉਪਦੇਸ਼ ਕੀਤਾ ਜਾਂਦਾ ਸੀ ਕਿ ਪ੍ਰਮਾਤਮਾ ਨੂੰ ਪਾਉਣਾ ਹੈ ਤਾਂ ਗ੍ਰਹਿਸਥ ਤਿਆਗ ਕੇ ਉਦਾਸੀ ਜੀਵਨ ਧਾਰਨ ਕਰੋ। ਇਸ ਲਈ ਉਸ ਸਮੇਂ ਦੇ ਜੋਗੀ ਲੋਕ ਘਰ ਪਰਵਾਰ ਨੂੰ ਛੱਡ ਕੇ ਜੰਗਲਾਂ ਪਰਬਤਾਂ ਵਿੱਚ ਜਾਂਦੇ ਤੇ ਗ੍ਰਹਿਸਥੀ ਜੀਵਨ ਨਕਾਰਦੇ। ਗੁਰੂ ਨਾਨਕ ਦੇਵ ਜੀ ਨੇ ਇਸ ਸਿਧਾਂਤ ਦੀ ਮਨਾਹੀ ਕੀਤੀ। ਗੁਰੂ ਜੀ ਨੇ ਸਮਝਾਇਆ ਕਿ ਮਨੁੱਖ ਗ੍ਰਹਿਸਥ ਵਿੱਚ ਰਹਿ ਕੇ ਵੀ ਉਦਾਸੀ ਧਾਰਨ ਕਰ ਸਕਦਾ ਹੈ ਭਾਵ ਗ੍ਰਹਿਸਥ ਜੀਵਨ ਬਿਤਾਉਂਦਾ ਵੀ ਪ੍ਰਮਾਤਮਾ ਨੂੰ ਪਾ ਸਕਦਾ ਹੈ। ਗੁਰੂ ਜੀ ਨੇ ਫੁਰਮਾਇਆ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸ਼ਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
(ਗੁਰੂ ਗ੍ਰੰਥ ਸਾਹਿਬ, ਅੰਗ 938)

ਭਾਵ ਜਿਸ ਪ੍ਰਕਾਰ ਪਾਣੀ ਵਿੱਚ ਉਗਿਆ ਕਮਲ ਦਾ ਫੁੱਲ ਪਾਣੀ ਤੋਂ ਅਭਿਜ ਰਹਿੰਦਾ ਹੈ ਅਤੇ ਨਦੀ ਵਿੱਚ ਤਰਦੀ ਮੁਰਗਾਈ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ ਮਨੁੱਖ ਗੁਰੂ ਦੇ ਸ਼ਬਦ ਵਿੱਚ ਸੁਰਤਿ ਜੋੜ ਕੇ ਨਾਮ ਜਪਦਿਆਂ ਸੰਸਾਰ ਸਾਗਰ ਤਰ ਸਕਦਾ ਹੈ।

ਗੁਰੂ ਜੀ ਜਦੋਂ 16 ਸਾਲ ਦੇ ਸਨ, ਉਸ ਵੇਲੇ ਗੁਰੂ ਜੀ ਸੁਲਤਾਨਪੁਰ ਵਿੱਚ ਆਪਣੀ ਭੈਣ ਬੇਬੇ ਨਾਨਕੀ ਕੋਲ ਰਹਿੰਦੇ ਅਤੇ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿੱਚ ਕੰਮ ਕਰਦੇ ਸਨ ਅਤੇ ਜੈ ਰਾਮ ਨੂੰ ਆਪਣੇ ਮਹਿਕਮੇ ਦੇ ਕੰਮ ਲਈ ਬਟਾਲੇ ਗੁਰਦਾਸਪੁਰ ਆਦਿ ਇਲਾਕਿਆਂ ਵਿੱਚ ਜਾਣਾ ਪੈਂਦਾ ਸੀ, ਜਿਥੇ ਉਨ੍ਹਾਂ ਦੀ ਸਾਂਝ ਮੂਲ ਚੰਦ, ਵਾਸੀ ਪੱਖੋਕੇ ਰੰਧਾਵਾ ਨਾਲ ਪੈ ਗਈ। ਜੈ ਰਾਮ ਜੀ ਨੇ ਬਾਬਾ ਨਾਨਕ ਦੇ ਵਿਆਹ ਦੀ ਗੱਲ ਮੂਲ ਚੰਦ ਨਾਲ ਕੀਤੀ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਆਉਂਦਾ ਹੈ ਕਿ ਪੱਖੋਕੇ ਰੰਧਾਵੇ ਦੇ ਰਹਿਣ ਵਾਲੇ ਮੂਲੇ ਖੱਤਰੀ ਦੇ ਲਾਗੀ ਸੁਲਤਾਨਪੁਰ ਜੈ ਰਾਮ ਜੀ ਕੋਲ ਸਗਾਈ ਲੈ ਕੇ ਆਏ ਅਤੇ ਸਗਾਈ ਦੀ ਖ਼ਬਰ ਸੁਣ ਕੇ ਬੇਬੇ ਨਾਨਕੀ ਜੀ ਨੂੰ ਬੜੀ ਖੁਸ਼ੀ ਹੋਈ।

ਪੱਖੋ ਕੇ ਰੰਧਾਵੇ ਗ੍ਰਾਮ ਬਸੈ ਤਹਿ ਮੂਲਾ ਨਾਮ,
ਨੇਗੀ ਲੈ ਸਗਾਈ ਆਏ ਪੁਰਿ ਸੁਲਤਾਨ ਹੈ॥
ਬੂਝਤਿ ਜੈਰਾਮ ਨਾਮ ਆਨਿ ਮਿਲੇ ਧਾਮ ਸੋਊ,
ਭਲੇ ਸਨਮਾਣ ਕੈ ਬੈਸਾਏ ਸੁਭ ਥਾਨ ਹੈਂ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਭਾਈ ਜੈ ਰਾਮ ਨੇ ਛੇਤੀ ਇਹ ਖ਼ਬਰ ਤਲਵੰਡੀ ਵਿੱਚ ਬਾਬਾ ਨਾਨਕ ਦੇ ਮਾਤਾ ਪਿਤਾ ਕੋਲ ਪਹੁੰਚਾ ਦਿੱਤੀ ਅਤੇ ਛੇਤੀ ਹੀ ਉਹ ਗੁਰੂ ਜੀ ਦੇ ਨਾਨਾ ਰਾਮਾ ਜੀ, ਨਾਨਾ ਭੈਰਾਈ ਜੀ, ਮਾਮਾ ਕ੍ਰਿਸ਼ਨਾ ਜੀ, ਚਾਚਾ ਲਾਲੂ ਜੀ ਤੇ ਹੋਰ ਸੰਬੰਧੀਆਂ ਨੂੰ ਨਾਲ ਲੈ ਸੁਲਤਾਨਪੁਰ ਚੱਲ ਪਏ। ਜਦੋਂ ਸੁਲਤਾਨਪੁਰ ਪਹੁੰਚੇ ਤਾਂ ਭਾਈ ਜੈਰਾਮ ਜੀ ਨੇ ਆਓ ਭਗਤ ਕੀਤੀ ਤੇ ਉਹ ਸਾਰੇ ਚੌਕੜ ਰਸਮ ਕਰਨ ਲਈ ਬਟਾਲੇ ਚੱਲ ਪਏ। ਰਸਮ ਤੋਂ ਪਿੱਛੋਂ ਮਹਿਤਾ ਕਾਲੂ ਜੀ ਦੇ ਕਹਿਣ 'ਤੇ ਜੈ ਰਾਮ ਜੀ ਦੇ ਪਿਤਾ ਪਰਮਾਨੰਦ ਜੀ ਨੇ ਮੂਲ ਚੰਦ ਨਾਲ ਗੱਲ ਕੀਤੀ, 'ਕੰਨਿਆ ਅਤੇ ਲਾੜੇ ਦੀ ਉਮਰ ਜਵਾਨ ਹੋ ਗਈ ਹੈ। ਰੀਤੀ ਅਨੁਸਾਰ ਠੀਕ ਸਮਝ ਕੇ ਸਾਹਾ ਲਿਖ ਦੇਹੁ।' ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਮਿਲਦਾ ਹੈ ਕਿ ਇਹ ਸੁਣ ਕੇ ਮੂਲ ਚੰਦ ਨੇ ਕਿਹਾ, 'ਮੈਂ ਤੁਹਾਡੇ ਬਚਨਾਂ ਨਾਲ ਸਹਿਮਤ ਨਹੀਂ ਹਾਂ, ਜਦ ਇਕ ਸਾਲ ਬੀਤ ਜਾਵੇਗਾ ਤਾਂ ਮੈਂ ਆਪ ਤੁਹਾਨੂੰ ਸਾਹਾ ਲਿਖ ਕੇ ਭੇਜ ਦੇਵਾਂਗਾ।'

ਸੁਨਿ ਮੂਲੇ ਬਚਨ ਉਚਾਰੇ॥
ਨਹਿ ਮਾਨੋ ਮਨ ਬੈਨ ਤੁਮਾਰੇ॥
ਏਕ ਬਰਸ ਬੀਤੇ ਤਹਿ ਪਾਛੇ॥
ਲਿਖ ਭੇਜੋਂ ਸਾਹਾ ਮੈਂ ਆਛੇ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸ ਪਿੱਛੋਂ ਉਹ ਸੁਲਤਾਨਪੁਰ ਵਾਪਸ ਪਰਤ ਆਏ।

ਮੋਦੀਖਾਨੇ ਦਾ ਕਾਰ ਵਿਹਾਰ ਕਰਦਿਆਂ ਗੁਰੂ ਜੀ ਦੀ ਸਗਾਈ ਹੋਈ ਨੂੰ ਪੂਰਾ ਇਕ ਸਾਲ ਬੀਤ ਗਿਆ ਤੇ ਮੂਲ ਚੰਦ ਨੇ ਇਕ ਲਾਗੀ ਹੱਥ ਸਾਹਾ ਲਿਖ ਕੇ ਸੁਲਤਾਨਪੁਰ ਭੇਜ ਦਿੱਤਾ। ਇਹ ਖ਼ਬਰ ਸੁਣ ਬੇਬੇ ਨਾਨਕੀ ਤੇ ਪਰਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ। ਭਾਈ ਸੰਤੋਖ ਸਿੰਘ ਅਨੁਸਾਰ ਬਰਾਤ ਸੁਲਤਾਨਪੁਰ ਤੋਂ ਬਟਾਲੇ ਵੱਲ ਤੁਰੀ। ਬਰਾਤ ਲਈ ਰਾਇ-ਬੁਲਾਰ ਅਤੇ ਦੌਲਤ ਖਾਂ ਨੇ ਸਜਾਏ ਹੋਏ ਹਾਥੀ, ਘੋੜੇ, ਰੱਥ ਆਦਿ ਦਿੱਤੇ। ਬਰਾਤ ਬਿਆਸ ਦਰਿਆ ਪਾਰ ਕਰਕੇ ਖਡੂਰ, ਵੇਰਕਾ ਆਦਿ ਸਥਾਨਾਂ 'ਤੇ ਠਹਿਰਾਅ ਕਰਦੀ ਹੋਈ ਬਟਾਲੇ ਪਹੁੰਚੀ। ਬਟਾਲੇ, ਜਿਸ ਸਥਾਨ 'ਤੇ ਬਰਾਤ ਨੇ ਠਹਿਰਾਅ ਕੀਤਾ, ਉਥੇ ਗੁਰਦੁਆਰਾ ਕੰਧ ਸਾਹਿਬ ਸੁਸ਼ੋਭਿਤ ਹੈ। ਇਥੇ ਕੱਚੀ ਕੰਧ ਹੇਠਾਂ ਗੁਰੂ ਜੀ ਬਿਰਾਜੇ ਸਨ ਅਤੇ ਮੂਲ ਚੰਦ ਦੇ ਸਬੰਧੀਆਂ 'ਚੋਂ ਕਿਸੇ ਇਸਤਰੀ ਨੇ ਗੁਰੂ ਜੀ ਨੂੰ ਕਿਹਾ, 'ਇਹ ਕੰਧ ਡਿੱਗਣ ਵਾਲੀ ਹੈ, ਤੁਸੀਂ ਇਥੋਂ ਪਰ੍ਹੇ ਹੋ ਜਾਵੋ।' ਗੁਰੂ ਜੀ ਨੇ ਜਵਾਬ ਦਿੱਤਾ ਕਿ ਇਹ ਕੰਧ ਸਦੀਆਂ ਤੱਕ ਨਹੀਂ ਡਿਗਦੀ ਅਤੇ ਉਹ ਕੰਧ ਅੱਜ ਵੀ ਉਸੇ ਤਰ੍ਹਾਂ ਸ਼ੀਸ਼ੇ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਜਿਸ ਸਥਾਨ 'ਤੇ ਗੁਰੂ ਜੀ ਦੇ ਫੇਰੇ ਹੋਏ, ਉਥੇ ਗੁਰਦੁਆਰਾ ਡੇਹਰਾ ਸਾਹਿਬ ਹੈ। ਕੁਝ ਦਿਨ ਬਟਾਲੇ ਵਿੱਚ ਵਿਆਹ ਦੀਆਂ ਰਸਮਾਂ ਕਰਨ ਪਿੱਛੋਂ ਸਾਰੀ ਬਰਾਤ ਵਾਪਸ ਸੁਲਤਾਨਪੁਰ ਪਰਤ ਆ।

ਗੁਰੂ ਜੀ ਦੇ ਵਿਆਹ ਦੀ ਉਮਰ ਸਬੰਧੀ ਭਿੰਨ-ਭਿੰਨ ਵਿਚਾਰ ਮਿਲਦੇ ਹਨ, ਜਿਵੇਂ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ 14 ਸਾਲ, ਮਿਹਰਵਾਨ ਵਾਲੀ ਜਨਮ ਸਾਖੀ ਵਿੱਚ 16 ਸਾਲ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਉਨ੍ਹਾਂ ਦੀ ਉਮਰ 18 ਸਾਲ ਦੱਸੀ ਗਈ ਹੈ। ਵਿਦਵਾਨਾਂ ਨੇ ਖੋਜ ਅਨੁਸਾਰ ਗੁਰੂ ਜੀ ਦੇ ਵਿਆਹ ਦੀ ਉਮਰ 18 ਸਾਲ ਨੂੰ ਵਧੇਰੇ ਪ੍ਰਮਾਣਿਕ ਮੰਨਿਆ ਹੈ। ਉਨ੍ਹਾਂ ਅਨੁਸਾਰ 16-17 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਕੁੜਮਾਈ ਹੋਈ ਅਤੇ 18 ਸਾਲ ਦੀ ਉਮਰ ਭਾਵ 24 ਸਤੰਬਰ 1487 ਈ. ਨੂੰ ਉਨ੍ਹਾਂ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਹੋਇਆ। ਕੁਝ ਸਮਾਂ ਪਿੱਛੋਂ ਉਨ੍ਹਾਂ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਨੇ ਜਨਮ ਲਿਆ। ਇਸ ਤਰ੍ਹਾਂ ਗੁਰੂ ਜੀ ਨੇ ਸੰਗਤ ਨੂੰ ਗ੍ਰਹਿਸਥ ਦੇ ਫਰਜ਼ ਨਿਭਾਉਂਦੇ ਹੋਏ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਭਾਈ ਗੁਰਦਾਸ ਜੀ ਲਿਖਦੇ ਹਨ:

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ
ਗੁਰ ਸਕਲ ਧਰਮ ਮੈ ਗ੍ਰਿਹਸਤੁ ਪਰਧਾਨ ਹੈ॥

# ਮੁੜ ਆਵਣ ਜੇ ਸਾਉਣ ਦੀਆਂ ਯਾਦਾਂ

-ਪ੍ਰਿੰਸੀਪਲ ਵਿਜੈ ਕੁਮਾਰ



ਪਿਛਲੇ ਦਿਨੀਂ ਪਿੰਡ ਦਾ ਚੱਕਰ ਲਾਉਣ ਦਾ ਮੌਕਾ ਮਿਲਿਆ। ਸਕੂਟਰ ਪਿੰਡ ਦੀ ਗਲੀ ਦੇ ਉਸ ਘਰ ਤੋਂ ਅੱਗੇ ਨਾ ਤੁਰਿਆ, ਜਿਸ ਨਾਲ ਬਚਪਨ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ। ਉਹ ਘਰ ਸੀ ਕਿਸਨੂ ਤਾਏ ਦਾ। ਅੱਜ ਉਹ ਘਰ ਨਹੀਂ ਸੀ, ਸਗੋਂ ਤਿੰਨ ਭਰਾਵਾਂ ਦਾ ਵੰਡਿਆ ਮਕਾਨ ਸੀ, ਜਿਸ 'ਚੋਂ ਪੁਰਾਣਾ ਸੱਭਿਆਚਾਰ, ਮੇਲ ਮਿਲਾਪ ਅਤੇ ਜ਼ਿੰਦਗੀ ਜਿਉਣ ਦੇ ਅਰਥ ਮਨਫੀ ਹੋ ਚੁੱਕੇ ਸਨ। ਅੱਖਾਂ ਅੱਗੇ ਉਹ ਲੰਬੀ ਚੌੜੀ ਥਾਂ ਆ ਗਈ, ਜਿੱਥੇ ਕਿਸਨੂ ਤਾਇਆ ਸਾਉਣ ਦਾ ਆਰੰਭ ਹੁੰਦਿਆਂ ਹੀ ਪੀਂਘਾਂ ਪੁਆ ਦਿੰਦਾ ਸੀ। ਬਚਨੀ ਤਾਈ ਮੁਹੱਲੇ ਦੇ ਹਰ ਘਰ ਨੂੰ ਸੁਨੇਹਾ ਦੇ ਆਉਂਦੀ ਕਿ ਕੁੜੀ ਨੂੰ ਸਾਉਣ ਦਾ ਮਹੀਨਾ ਕੱਟਣ ਲਈ ਬੁਲਾ ਲਓ। ਕਿਸਨੂ ਤਾਏ ਦੀ ਆਮਦਨ ਭਾਵੇਂ ਘੱਟ ਸੀ, ਪਰ ਦਿਲ ਦਾ ਬਹੁਤ ਅਮੀਰ ਸੀ। ਵਿਆਹ ਕੇ ਗਈਆਂ ਕੁੜੀਆਂ ਬਚਨੀ ਤਾਈ ਦੇ ਸੁਨੇਹੇ 'ਤੇ ਸਾਉਣ ਦਾ ਮਹੀਨਾ ਕੱਟਣ ਪੇਕੀਂ ਜ਼ਰੂਰ ਆਉਂਦੀਆਂ। ਬੇਦੋ, ਦਰਸ਼ਨਾ, ਭੋਲਾ, ਝੋਜੀ, ਸਰਲਾ ਅਤੇ ਭੁੰਚਾਂ ਭੂਆ ਦੀ ਗੋਦੀ ਵਿੱਚ ਬਹਿ ਕੇ ਝੂਟੀਆਂ ਪੀਂਘਾਂ ਦੀ ਯਾਦ ਮੈਨੂੰ ਬਚਪਨ ਵਿੱਚ ਲੈ ਗਈ।

ਸਾਉਣ ਮਹੀਨੇ ਦੀਆਂ ਲੰਬੀਆਂ ਹੇਕਾਂ, ਮਹਿੰਦੀ ਰੰਗੇ ਹੱਥ ਅਤੇ ਪੀਂਘਾਂ ਦੇ ਲੰਬੇ ਹੁਲਾਰੇ ਅੱਖਾਂ ਸਾਹਮਣੇ ਆ ਗਏ। ਸਰਨੀ ਨਾਨੀ ਅਤੇ ਬਚਨੀ ਤਾਈ ਕਿਸਨੂ ਤਾਏ ਨੂੰ ਸਵੇਰੇ ਹੀ ਸੁਣਾ ਦਿੰਦੀਆਂ 'ਕੁੜੀਆਂ ਨੇ ਖੀਰ ਅਤੇ ਮਾਲਪੂੜੇ ਵੀ ਖਾਣੇ ਨੇ, ਭੁੱਲ ਨਾ ਜਾਇਓ। ਦੁਪਹਿਰ ਤੋਂ ਸ਼ਾਮਾਂ ਤੱਕ ਸਾਰੇ ਮੁਹੱਲੇ ਵਿੱਚ ਰੌਣਕਾਂ ਲੱਗੀਆਂ ਰਹਿੰਦੀਆਂ। ਜੇ ਕੁੜੀਆਂ ਦੀ ਕੋਈ ਸਹੇਲੀ ਆਉਣ ਤੋਂ ਰਹਿ ਜਾਂਦੀ ਤਾਂ ਉਸ ਨੂੰ ਸੁਨੇਹਾ ਭੇਜ ਕੇ ਸੱਦਿਆ ਜਾਂਦਾ। ਅਸੀਂ ਸਾਰੀਆਂ ਭੂਆ, ਮਾਸੀਆਂ ਤੇ ਭੈਣਾਂ ਨੂੰ ਪੀਂਘਾਂ ਝੂਟਦੀਆਂ ਨੂੰ ਵੇਖਦੇ। ਉਨ੍ਹਾਂ ਦੀਆਂ ਲੰਬੀਆਂ ਹੇਕਾਂ ਸੁਣਦੇ। ਕਿਸਨੂ ਤਾਇਆ ਖੀਰਾਂ ਤੇ ਪੂੜਿਆਂ ਨੂੰ ਬਣਾਉਣ ਲਈ ਨਾ ਕਿਸੇ ਤੋਂ ਪੈਸੇ ਮੰਗਦਾ ਅਤੇ ਨਾ ਬਚਨੀ ਤਾਈ ਦਾ ਕਹਿਣਾ ਮੋੜਦਾ।

ਵਿਆਹੀਆਂ ਕੁੜੀਆਂ ਦੀਆਂ ਮਾਵਾਂ ਉਨ੍ਹਾਂ ਨੂੰ ਆ ਕੇ ਕਹਿੰਦੀਆਂ, 'ਆ ਵੀ ਜਾਓ, ਬਥੇਰੀਆਂ ਝੂਟ ਲਈਆਂ ਪੀਂਘਾਂ। ਘਰ ਤਾਂ ਤੁਹਾਡਾ ਦਿਲ ਹੀ ਨਹੀਂ ਲੱਗਦਾ।' ਸਰਨੀ ਨਾਨੀ ਅਤੇ ਬਚਨੀ ਤਾਈ ਉਨ੍ਹਾਂ ਨੂੰ ਕਹਿੰਦੀਆਂ, 'ਝੂਟ ਲੈਣ ਦੇ ਅੜੀਏ ਕੁੜੀ ਨੂੰ ਪੀਂਘ, ਬਹਾਨੇ ਨਾਲ ਇਕੱਠੀਆਂ ਹੋਈਆਂ ਨੇ।' ਕਿਸੇ ਮਾਂ ਦੀ ਹਿੰਮਤ ਨਹੀਂ ਹੁੰਦੀ ਸੀ ਕਿ ਉਹ ਬਚਨੀ ਤਾਈ ਦਾ ਕਹਿਣਾ ਮੋੜ ਸਕੇ। ਅੱਜ ਉਥੇ ਨਾ ਬਚਨੀ ਤਾਈ ਹੈ, ਨਾ ਸਰਨੀ ਨਾਨੀ ਅਤੇ ਨਾ ਕਿਸਨੂ ਤਾਇਆ। ਪੀਂਘਾਂ ਵਾਲੀ ਥਾਂ ਵੀ ਗੁੰਮ ਹੋ ਗਈ ਹੈ। ਅਸੀਂ ਆਪਣੇ ਵਿਰਸੇ ਤੋਂ ਦੂਰ ਹੁੰਦੇ ਜਾਂਦੇ ਹਾਂ। ਪੁਰਾਣਾ ਪੰਜਾਬੀ ਸੱਭਿਆਚਾਰ ਬੀਤੇ ਦੀ ਗੱਲ ਬਣਦਾ ਜਾ ਰਿਹਾ ਹੈ। ਸਲਵਾਰਾਂ ਕਮੀਜ਼ਾਂ ਅਤੇ ਚੁੰਨੀਆ ਦੀ ਥਾਂ ਜੀਨਾਂ, ਟਾਪ ਅਤੇ ਟੀ-ਸ਼ਰਟਾਂ ਨੇ ਲੈ ਲਈ ਹੈ। ਕੁੜੀਆਂ ਦੇ ਹੱਥਾਂ ਉਤੇ ਮਹਿੰਦੀ ਲਾਉਣ ਦੇ ਤੌਰ ਤਰੀਕਿਆਂ ਵਿੱਚ ਬਦਲਾਅ ਆ ਰਿਹਾ ਹੈ। ਮਹਿੰਦੀ ਲਾਉਣਾ ਇਕ ਧੰਦਾ ਬਣ ਕੇ ਰਹਿ ਗਿਆ ਹੈ, ਜਿਸ ਨੂੰ ਪੰਜਾਬੀ ਨਹੀਂ, ਦੂਜੇ ਪ੍ਰਾਂਤਾਂ ਤੋਂ ਆਏ ਰੋਜ਼ੀ ਕਮਾਉਣ ਵਾਲੇ ਮੁੰਡੇ ਕੁੜੀਆਂ ਕਰ ਰਹੇ ਹਨ। ਬਿਊਟੀ ਪਾਰਲਰਾਂ ਨੇ ਵੀ ਇਸ ਨੂੰ ਕਮਾਈ ਦਾ ਸਾਧਨ ਬਣਾ ਲਿਆ ਹੈ। ਹੱਥਾਂ ਦੀ ਮਹਿੰਦੀ ਵਿੱਚ ਨਾ ਉਹ ਪ੍ਰੀਤ ਹੈ ਅਤੇ ਨਾ ਹੀ ਮੋਹ। ਤੀਆਂ ਦੇ ਤਿਉਹਾਰ ਹੁਣ ਕੇਵਲ ਫਿਲਮਾਂ ਅਤੇ ਟੈਲੀਵਿਜ਼ਨ ਦੇ ਲੜੀਵਾਰਾਂ ਵਿੱਚ ਵੇਖਣ ਨੂੰ ਰਹਿ ਗਏ ਹਨ।

ਨੌਜਵਾਨ ਪੀੜ੍ਹੀ ਨੂੰ ਨਾ ਸਾਉਣ ਦੇ ਮਹੀਨੇ ਦਾ ਪਤਾ ਹੈ, ਨਾ ਪੀਂਘਾਂ ਦਾ ਅਤੇ ਨਾ ਤੀਜ ਦੇ ਤਿਉਹਾਰ ਦਾ। ਸਹੁਰਿਆਂ ਤੇ ਪੇਕਿਆਂ ਵੱਲੋਂ ਵਿਆਹੀਆਂ ਕੁੜੀਆਂ ਦੇ ਕੀਤੇ ਜਾਣ ਵਾਲੇ ਰੀਤੀ ਰਿਵਾਜ਼ ਲੋਪ ਹੁੰਦੇ ਜਾ ਰਹੇ ਹਨ। ਮੇਰੀ ਮਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਤੀਜ ਤਿਉਹਾਰ ਇਕ ਦੂਜੇ ਪ੍ਰਤੀ ਰੀਝ ਤੇ ਪਿਆਰ ਦੀਆਂ ਭਾਵਨਾਵਾਂ ਪੈਦਾ ਕਰਦੇ ਹਨ। ਕੁੜੀ ਮੁੰਡੇ ਦੇ ਸਹੁਰਿਆਂ ਅਤੇ ਪੇਕਿਆਂ ਦਾ ਇਕ ਦੂਜੇ ਦੇ ਘਰ ਆਉਣਾ ਜਾਣਾ ਹੁੰਦਾ ਹੈ। ਇਕ ਦੂਜੇ ਨਾਲ ਜੁੜੇ ਸਬੰਧਾਂ ਵਿੱਚ ਨੇੜਤਾ ਆਉਂਦੀ ਹੈ। ਨਵੀਂ ਵਿਆਹੀ ਕੁੜੀ ਨੂੰ ਪੇਕੇ ਭੇਜਣ ਦੇ ਵੀ ਕੁਝ ਮਾਅਨੇ ਹੁੰਦੇ ਸਨ। ਪਹਿਲਾਂ ਅੱਜ ਵਾਂਗ ਸੰਪਰਕ ਦੇ ਉਨਤ ਸਾਧਨ ਨਹੀਂ ਸੀ ਹੁੰਦੇ। ਕੁੜੀ ਨੂੰ ਕਈ-ਕਈ ਮਹੀਨੇ ਪੇਕੇ ਜਾਣ ਦਾ ਮੌਕਾ ਨਹੀਂ ਸੀ ਮਿਲਦਾ। ਇਸੇ ਲਈ ਜ਼ਿਆਦਾਤਰ ਮਾਪੇ ਆਪਣੀ ਧੀ ਨੂੰ ਸਾਉਣ ਮਹੀਨੇ ਆਪਣੇ ਕੋਲ ਬੁਲਾ ਲੈਂਦੇ ਸਨ। ਸਾਉਣ ਮਹੀਨਾ ਖਤਮ ਹੋਣ ਤੋਂ ਬਾਅਦ ਧੀ ਵਾਲੇ ਆਪਣੀ ਹਿੰਮਤ ਅਨੁਸਾਰ ਉਸ ਨੂੰ ਕੁਝ ਨਾ ਕੁਝ ਦੇ ਕੇ ਸਹੁਰੇ ਘਰ ਤੋਰਦੇ ਸਨ। ਸਹੁਰਿਆਂ ਵੱਲੋਂ ਕੁੜੀ ਨੂੰ ਤਿਉਹਾਰ ਦੇ ਰੂਪ ਵਿੱਚ ਕੱਪੜੇ ਅਤੇ ਮਠਿਆਈ ਭੇਜੇ ਜਾਂਦੇ ਸਨ, ਪਰ ਇਹ ਸਾਰਾ ਕੁਝ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਿਆ ਹੈ। ਖੀਰਾਂ ਤੇ ਪੂੜਿਆਂ ਦੀ ਥਾਂ ਫਾਸਟ ਫੂਡ ਨੇ ਲੈ ਲਈ ਹੈ। ਪੱਛਮੀ ਸੱਭਿਅਤਾ ਦੀ ਚਮਕ ਵਿੱਚ ਸਾਡੇ ਪੰਜਾਬੀ ਤਿਉਹਾਰ ਪੇਤਲੇ ਪੈਂਦੇ ਜਾ ਰਹੇ ਹਨ। ਅਜੋਕੀ ਪੀੜ੍ਹੀ ਦੇ ਜ਼ਿੰਦਗੀ ਪ੍ਰਤੀ ਬਦਲਦੇ ਜਾ ਰਹੇ ਨਜ਼ਰੀਏ, ਰਹਿਣ ਸਹਿਣ ਦੇ ਤੌਰ ਤਰੀਕੇ ਅਤੇ ਆਧੁਨਿਕਤਾ ਵਾਲੀ ਸੋਚ ਨੇ ਵੀ ਸਾਡੇ ਰੀਤੀ ਰਿਵਾਜ਼ਾਂ ਤੇ ਤਿਉਹਾਰਾਂ ਵਿੱਚ ਬਦਲਾਅ ਲਿਆਂਦਾ ਹੈ। ਪੇਂਡੂ ਖਿੱਤੇ ਵਿੱਚ ਵੀ ਪੀਂਘਾਂ ਝੂਟਣ ਅਤੇ ਪਾਉਣ ਵਾਲੀ ਪਰੰਪਰਾ ਅੱਗੇ ਵਧਦੀ ਵਿਖਾਈ ਨਹੀਂ ਦਿੰਦੀ। ਸਾਉਣ ਦੇ ਮਹੀਨੇ ਵਿੱਚ ਵਿਆਹੀਆਂ ਹੋਈਆਂ ਕੁੜੀਆਂ ਦੇ ਹੱਥਾਂ 'ਤੇ ਲਾਲ ਸੂਹੀ ਮਹਿੰਦੀ, ਲਾਲ ਪਰਾਂਦੇ ਅਤੇ ਵੀਣੀਆਂ 'ਤੇ ਲਾਲ ਚੂੜੇ ਘੱਟ ਹੀ ਵੇਖਣ ਨੂੰ ਮਿਲਦੇ ਹਨ। ਸਾਉਣ ਮਹੀਨੇ ਵਿੱਚ ਵਿਆਹੀਆਂ ਕੁੜੀਆਂ ਦੇ ਪੇਕੇ ਆਉਣ ਦਾ ਰਿਵਾਜ਼ ਵੀ ਅਤੀਤ ਬਣਦਾ ਜਾ ਰਿਹਾ ਹੈ। ਕਿਹਾ ਇਹ ਵੀ ਜਾਂਦਾ ਹੈ ਕਿ ਕੁੜੀਆਂ ਦੇ ਨੌਕਰੀਪੇਸ਼ਾ ਹੋਣ ਕਾਰਨ ਵੀ ਉਨ੍ਹਾਂ ਦੀ ਜ਼ਿੰਦਗੀ ਜਿਊਣ ਪ੍ਰਤੀ ਸੋਚ ਬਦਲੀ ਹੈ। ਉਹ ਆਪਣੇ ਰੀਤੀ ਰਿਵਾਜ਼ਾਂ ਤੇ ਤਿਉਹਾਰਾਂ ਤੋਂ ਦੂਰ ਹੋਈਆਂ ਹਨ। ਅੱਗੇ ਵਧਣਾ, ਆਧੁਨਿਕ ਹੋਣਾ ਅਤੇ ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲਣਾ ਕੋਈ ਮਾੜੀ ਗੱਲ ਨਹੀਂ ਪਰ ਆਪਣੇ ਸੱਭਿਆਚਾਰ, ਵਿਰਸੇ, ਪਹਿਰਾਵੇ, ਬੋਲੀ ਤੋਂ ਦੂਰ ਹੋ ਜਾਣਾ ਸਾਡੀ ਅਗਿਆਨਤਾ ਦੀ ਨਿਸ਼ਾਨੀ ਹੈ।

ਸਾਨੂੰ ਵਿਰਸੇ ਵਿੱਚ ਬਹੁਤ ਹੀ ਅਮੀਰ ਸੱਭਿਆਚਾਰ ਮਿਲਿਆ ਹੈ, ਜਿਸ ਨੂੰ ਸਾਰੀ ਦੁਨੀਆ ਵਿੱਚ ਸਰਾਹਿਆ ਅਤੇ ਪਸੰਦ ਕੀਤਾ ਜਾਂਦਾ ਹੈ, ਪਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਦਿਆਂਗੇ? ਪੱਛਮੀ ਸੱਭਿਆਚਾਰ! ਸਾਡੀ ਸਭ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲ ਕੇ ਰੱਖੀਏ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਬਹੁਤ ਸਾਰੇ ਪੱਛਮੀ ਮੁਲਕ ਸਾਡੇ ਸੱਭਿਆਚਾਰ, ਪਹਿਰਾਵੇ ਅਤੇ ਰਹਿਣ ਸਹਿਣ ਦੇ ਮੁਰੀਦ ਹੋ ਕੇ ਇਸ ਨੂੰ ਅਪਣਾਉਣਾ ਚਾਹੁੰਦੇ ਹਨ, ਪਰ ਅਸੀਂ ਆਪਣੇ ਰੀਤੀ ਰਿਵਾਜ਼ਾਂ ਅਤੇ ਤਿਉਹਾਰਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ।




## ਸਕੂਲਾਂ ਵਿੱਚ ਦਸਵੀਂ ਤੱਕ ਵਿਦਿਆਰਥੀਆਂ ਨੂੰ ਮਿਡ-ਡੇ ਮੀਲ ਮਿਲੇਗਾ

ਲੁਧਿਆਣਾ, 4 ਸਤੰਬਰ (ਪੋਸਟ ਬਿਊਰੋ)- ਪੰਜਾਬ ਸਟੇਟ ਫੂਡ ਕਮਿਸ਼ਨ ਦੇ ਸੁਝਾਅ 'ਤੇ ਅਮਲ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰੀ ਸਕੂਲਾਂ ਦੇ 10ਵੀਂ ਤੱਕ ਦੇ ਵਿਦਿਆਰਥੀਆਂ ਨੂੰ ਵੀ ਮਿਡ-ਡੇ ਮੀਲ ਦਿੱਤਾ ਜਾਵੇਗਾ। ਵਰਨਣ ਯੋਗ ਹੈ ਕਿ ਪੰਜਾਬ ਫੂਡ ਕਮਿਸ਼ਨ ਨੇ ਪਿਛਲੇ ਦਿਨੀਂ ਪੰਜਾਬ ਸਰਕਾਰ ਨੂੰ ਇਹ ਸਿਫਾਰਸ਼ ਭੇਜੀ ਹੈ ਕਿ ਸਰਕਾਰੀ ਸਕੂਲਾਂ ਦੇ 10ਵੀਂ ਤੱਕ ਦੇ ਵਿਦਿਆਰਥੀਆਂ ਨੂੰ ਮਿਡ ਡੇ ਮਾਲ ਯੋਜਨਾ ਹੇਠ ਲਿਆਂਦਾ ਜਾਵੇ ਤਾਂ ਕਿ ਰਾਜ ਵਿੱਚ ਖ਼ੁਰਾਕ ਸੁਰੱਖਿਆ ਐਕਟ 2013 ਨੂੰ ਹੋਰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਸਕੇ। ਇਹ ਜਾਣਕਾਰੀ ਕੱਲ੍ਹ ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਗੁਰਸੰਦੀਪ ਸਿੰਘ ਗਰੇਵਾਲ ਨੇ ਗੁਰੂ ਨਾਨਕ ਭਵਨ ਵਿੱਚ ਨੈਸ਼ਨਲ ਫੂਡ ਸੁਰੱਖਿਆ ਐਕਟ ਦੇ ਅਧੀਨ ਸ਼ੁਰੂ ਕੀਤੀਆਂ ਵੱਖ-ਵੱਖ ਯੋਜਨਾਵਾਂ ਦੇ ਜਾਗਰੂਕਤਾ ਸਮਾਰੋਹ ਵਿੱਚ ਦਿੱਤੀ।

### ਅਟਾਰੀ ਬਾਰਡਰ ਮਾਮਲਾ

## ਹਾਈ ਕੋਰਟ ਦੇ ਹੁਕਮਾਂ ਨੂੰ ਕਸਟਮ ਵਿਭਾਗ ਵੱਲੋਂ ਸੁਪਰੀਮ ਕੋਰਟ ਵਿੱਚ ਚੁਣੌਤੀ

ਅੰਮ੍ਰਿਤਸਰ, 4 ਸਤੰਬਰ (ਪੋਸਟ ਬਿਊਰੋ)- ਇਸੇ ਸਾਲ ਫਰਵਰੀ ਵਿੱਚ ਪੁਲਵਾਮਾ ਵਿੱਚ ਹੋਏ ਦਹਿਸ਼ਤਗਰਦ ਹਮਲੇ ਦੇ ਬਾਅਦ ਪਾਕਿਸਤਾਨ ਤੋਂ ਆਈਆਂ ਵਸਤਾਂ ਉਤੇ 16 ਫਰਵਰੀ ਤੋਂ 200 ਫੀਸਦੀ ਡਿਊਟੀ ਲੱਗਣ ਨਾਲ ਆਈ ਸੀ ਪੀ (ਇੰਟਰਨੈਸ਼ਨਲ ਚੈੱਕ ਪੋਸਟ) ਅਟਾਰੀ ਬਾਰਡਰ ਵਿਖੇ ਡੰਪ ਹੋਏ ਕਰੋੜਾਂ ਰੁਪਿਆਂ ਦੇ ਪਾਕਿਸਤਾਨੀ ਸੀਮੈਂਟ ਤੇ ਛੁਹਾਰੇ ਦੇ ਕੇਸ ਵਿੱਚ ਵਪਾਰੀਆਂ ਨੂੰ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ।



ਵਰਨਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਪਾਰੀਆਂ ਦੇ ਹੱਕ ਵਿੱਚ ਫੈਸਲਾ ਸੁਣਾਇਆ ਤੇ ਕਸਟਮ ਵਿਭਾਗ ਨੂੰ ਹੁਕਮ ਦਿੱਤੇ ਸਨ ਕਿ ਵਪਾਰੀਆਂ ਨੂੰ 200 ਫੀਸਦੀ ਡਿਊਟੀ ਤੋਂ ਬਿਨਾਂ ਆਮ ਡਿਊਟੀ ਵਾਲੀ ਵਸੂਲੀ ਕਰ ਕੇ ਇਹ ਮਾਲ ਰਿਲੀਜ਼ ਕਰ ਦਿੱਤਾ ਜਾਵੇ। ਇਸ ਬਾਰੇ ਕਾਨੂੰਨੀ ਪੇਚੀਦਗੀਆਂ ਕਾਰਨ ਕਸਟਮ ਵਿਭਾਗ ਨੇ ਸੁਪਰੀਮ ਕੋਰਟ ਨੂੰ ਅਰਜ਼ੀ ਦਾਇਰ ਕਰ ਦਿੱਤੀ ਅਤੇ ਇਸ ਦੇ ਲਈ ਦਿੱਲੀ ਹੈੱਡਕੁਆਰਟਰ ਨੂੰ ਫਾਈਲ ਵੀ ਭੇਜ ਦਿੱਤੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਕਸਟਮ ਵਿਭਾਗ ਦੇ ਨਿਯਮਾਂ ਮੁਤਾਬਕ ਬਿੱਲ ਆਫ ਐਂਟਰੀ ਫਾਈਲ ਹੋਣ ਤੋਂ ਬਾਅਦ ਵਪਾਰੀਆਂ ਨੂੰ ਸਰਕਾਰ ਵੱਲੋਂ ਤੈਅ ਕੀਤੀ ਕਸਟਮ ਡਿਊਟੀ ਦੇਣਾ ਲਾਜ਼ਮੀ ਹੁੰਦਾ ਹੈ, ਜੇ ਕਸਟਮ ਵਿਭਾਗ ਹਾਈ ਕੋਰਟ ਦੇ ਹੁਕਮ ਮੰਨ ਕੇ ਵਪਾਰੀਆਂ ਨੂੰ ਆਮ ਡਿਊਟੀ ਉਤੇ ਵਸਤੂਆਂ ਰਿਲੀਜ਼ ਕਰ ਦੇਵੇ ਤਾਂ ਸਰਕਾਰ ਦੇ ਹਰ ਬਜਟ ਤੋਂ ਬਾਅਦ ਤੈਅ ਹੋਣ ਵਾਲੀ ਡਿਊਟੀ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਲਾਗੂ ਕੀਤੇ ਹੁਕਮ ਮੰਨਣ ਯੋਗ ਹੋ ਜਾਣਗੇ ਤੇ ਇਸ ਦੇ ਨਾਲ ਕੇਂਦਰ ਸਰਕਾਰ ਨੂੰ ਕਾਨੂੰਨੀ ਅਤੇ ਮਾਇਕ ਪੱਖ ਤੋਂ ਭਾਰੀ ਨੁਕਸਾਨ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਕਸਟਮ ਵਿਭਾਗ ਦੇ ਦਿੱਲੀ ਹੈੱਡਕੁਆਰਟਰ ਨੇ ਅੰਮ੍ਰਿਤਸਰ ਕਮਿਸ਼ਨਰੇਟ ਦੇ ਅਧਿਕਾਰੀਆਂ ਨੂੰ ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਵਿੱਚ ਮੰਗ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ।

## ਪੰਜਾਬ ਪੁਲਸ ਨੇ ਡਰੱਗ ਤਸਕਰੀ ਤੇ ਮਨੀ ਲਾਂਡਰਿੰਗ ਦੇ 105 ਕੇਸ ਈ ਡੀ ਨੂੰ ਸੌਂਪੇ

ਚੰਡੀਗੜ੍ਹ, 4 ਸਤੰਬਰ (ਪੋਸਟ ਬਿਊਰੋ)- ਡਰੱਗਸ ਕੇਸ ਵਿਚ ਕੱਲ੍ਹ ਹਾਈ ਕੋਰਟ ਵਿੱਚ ਲੰਬੀ ਸੁਣਵਾਈ ਦੌਰਾਨ ਪੰਜਾਬ ਦੇ ਡੀ ਜੀ ਪੀ ਅਤੇ ਐਸ ਟੀ ਐਫ (ਸਪੈਸ਼ਲ ਟਾਸਕ ਫੋਰਸ) ਦੇ ਚੀਫ ਹਰਪ੍ਰੀਤ ਸਿੰਘ ਸਿੱਧੂ ਸਮੇਤ ਪੰਜਾਬ ਤੇ ਹਰਿਆਣਾ ਦੇ ਕੌਂਸਲ ਤੇ ਡਰੱਗ ਕੰਟਰੋਲਰ ਵੀ ਅਦਾਲਤ ਵਿੱਚ ਮੌਜੂਦ ਰਹੇ। ਹਾਈ ਕੋਰਟ ਵੱਲੋਂ ਜਨਵਰੀ 2019 ਵਿੱਚ ਜਾਰੀ ਕੀਤੇ 25 ਦਿਸ਼ਾ ਨਿਰਦੇਸ਼ਾਂ ਨੂੰ ਪੰਜਾਬ ਪੁਲਸ ਲਾਗੂ ਨਹੀਂ ਕਰ ਸਕੀ ਸੀ, ਜਿਸ ਦੇ ਬਾਅਦ ਕੋਰਟ ਨੇ ਪੰਜਾਬ ਦੇ ਡੀ ਜੀ ਪੀ ਨੂੰ ਖ਼ੁਦ ਪੇਸ਼ ਹੋ ਕੇ ਸਟੇਟਸ ਰਿਪੋਰਟ ਦੇਣ ਨੂੰ ਕਿਹਾ ਸੀ।

ਇਸ ਮੌਕੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ



ਜਸਟਿਸ ਰਾਜੀਵ ਸ਼ਰਮਾ ਦੀ ਬੈਂਚ ਨੂੰ ਸਟੇਟਸ ਰਿਪੋਰਟ ਸੌਂਪਦੇ ਹੋਏ ਦੱਸਿਆ ਕਿ ਡਰੱਗ ਤਸਕਰੀ ਦੇ ਜਿਨ੍ਹਾਂ ਕੇਸਾਂ ਵਿੱਚ ਮਨੀ ਲਾਡਰਿੰਗ ਪਤਾ ਲੱਗੀ ਸੀ, ਉਹ 105 ਕੇਸ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਸੌਂਪ ਦਿੱਤੇ ਹਨ, ਜਿਸ ਦੀ ਜਾਂਚ ਉਹ ਕਰੇਗੀ। ਉਨ੍ਹਾਂ ਨੇ ਕਿਹਾ ਕਿ ਜੇਲ੍ਹਾਂ ਵਿੱਚ ਓਵਰਕ੍ਰਾਊਡ ਬੰਦੀਆਂ ਦੀ ਭੀੜ ਰੌਲਾ ਪਾ ਰਹੀ ਹੈ। ਕੋਰਟ ਨੇ ਸਾਰੇ 25 ਦਿਸ਼ਾ ਨਿਰਦੇਸ਼ਾਂ ਉੱਤੇ ਪੰਜਾਬ ਪੁਲਸ ਤੇ ਹਰਿਆਣਾ ਤੋਂ ਜਵਾਬ ਮੰਗਿਆ ਅਤੇ ਕੁਝ ਨਵੇਂ ਤੱਥ ਜੋੜ ਕੇ ਉਨ੍ਹਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਲਾਗੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਕੋਰਟ ਨੇ ਡੀ ਜੀ ਪੀ ਅਤੇ ਐਸ ਟੀ ਐਫ ਚੀਫ ਹਰਪ੍ਰੀਤ ਸਿੱਧੂ ਨੂੰ ਚੇਤਾਵਨੀ ਦਿੰਦੇ ਹੋਏ ਕਈ ਮਾਮਲਿਆਂ ਉੱਤੇ ਸਵਾਲ ਖੜੇ ਕੀਤੇ। ਕੋਰਟ ਨੇ ਚੇਤਾਵਨੀ ਦਿੰਦੇ ਹੋਏ ਕਿ ਸਰਕਾਰ ਕਦੇ ਐਫੀਡੇਵਿਟ ਫਾਈਲ ਕਰਦੀ ਹੈ, ਕਦੇ ਸਪਲੀਮੈਂਟਰੀ ਐਫੀਡੇਵਿਟ ਤੇ ਕਦੇ ਕਾਊਂਟਰ ਐਫੀਡੇਵਿਟ, ਕਾਫੀ ਸਮੇਂ ਤੋਂ ਇਹੀ ਹੁੰਦਾ ਹੈ, ਪਰ ਦਿਸ਼ਾ ਨਿਰਦੇਸ਼ਾਂ 'ਤੇ ਅਮਲ ਨਹੀਂ ਹੋ ਰਿਹਾ, ਕੋਰਟ ਜਾਣਨਾ ਚਾਹੁੰਦੀ ਹੈ ਕਿ ਅਜਿਹਾ ਕਿਉਂ?

## ਤੇਜ਼ ਰਫਤਾਰ ਟਰੱਕ ਨੇ ਕੁਚਲਿਆ

ਜਲੰਧਰ, 4 ਸਤੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਮਕਸੂਦਾਂ ਸਬਜ਼ੀ ਮੰਡੀ ਦੇ ਬਾਹਰ ਤੇਜ਼ ਰਫਤਾਰ ਟਰੱਕ ਚਾਲਕ ਨੇ ਸਾਈਕਲ ਸਵਾਰ ਸੱਤਰ ਸਾਲ ਦੇ ਬਜ਼ੁਰਗ ਨੂੰ ਕੁਚਲ ਦਿੱਤਾ। ਹਾਦਸੇ ਦੌਰਾਨ ਬਜ਼ੁਰਗ ਦੀ ਮੌਕੇ 'ਤੇ ਮੌਤ ਹੋ ਗਈ। ਲੋਕਾਂ ਨੇ ਟਰੱਕ ਚਾਲਕ ਦੀ ਕੁੱਟਮਾਰ ਪਿੱਛੋਂ ਥਾਣਾ ਇੱਕ ਦੇ ਹਵਾਲੇ ਕਰ ਦਿੱਤਾ। ਦੋਸ਼ੀ ਟਰੱਕ ਚਾਲਕ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਉਸ ਦੀ ਪਛਾਣ ਜੋਗਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮਕਸੂਦਾਂ ਵਜੋਂ ਹੋਈ ਹੈ। ਏ ਐੱਸ ਆਈ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ ਸੂਚਨਾ ਆਈ ਸੀ ਕਿ ਮਕਸੂਦਾਂ ਸਬਜ਼ੀ ਮੰਡੀ ਦੇ ਬਾਹਰ ਬਿਜਲੀ ਘਰ ਨੇੜੇ ਇੱਕ ਬਜ਼ੁਰਗ ਨੂੰ ਟਰੱਕ ਚਾਲਕ ਨੇ ਕੁਚਲ ਦਿੱਤਾ ਅਤੇ ਉਸ ਦੀ ਮੌਤ ਹੋ ਗਈ ਹੈ। ਓਥੇ ਪਹੁੰਚ ਕੇ ਲਾਸ਼ ਕਬਜ਼ੇ ਵਿੱਚ ਲੈਂਦੇ ਹੋਏ ਜਾਂਚ ਕੀਤੀ ਤਾਂ ਲਾਸ਼ ਦੀ ਪਛਾਣ ਬਾਨੀ ਰਾਮ ਸੱਤਰ ਸਾਲ ਪੁੱਤਰ ਰੱਖਾ ਰਾਮ ਵਾਸੀ ਨਿਊ ਮੋਤੀ ਨਗਰ ਦੇ ਤੌਰ 'ਤੇ ਹੋਈ। ਸੂਚਨਾ ਮਿਲਦੇ ਸਾਰ ਮ੍ਰਿਤਕ ਦੇ ਪਰਵਾਰ ਵਾਲੇ ਵੀ ਮੌਕੇ 'ਤੇ ਪਹੁੰਚ ਗਏ ਜਿਸ ਦੇ ਬਾਅਦ ਚੀਕ ਚਿਹਾੜਾ ਮਚ ਗਿਆ। ਮੌਕੇ ਉੱਤੇ ਹਾਜ਼ਰ ਲੋਕਾਂ ਨੇ ਦੱਸਿਆ ਕਿ ਸਾਈਕਲ ਸਵਾਰ ਬਜ਼ੁਰਗ ਬਿਜਲੀ ਘਰ ਤੋਂ ਨਿਕਲੇ ਸਨ ਅਤੇ ਜਦੋਂ ਬਵੇਜਾ ਧਰਮ ਕੰਡਾ ਨੇੜੇ ਪਹੁੰਚੇ ਅਤੇ ਸੜਕ ਪਾਰ ਕਰਨ ਲੱਗੇ ਕਿ ਤਦ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਨੂੰ ਕੁਚਲ ਦਿੱਤਾ। ਉਨ੍ਹਾਂ ਦੀ ਮੌਕੇ 'ਤੇ ਮੌਤ ਹੋ ਗਈ। ਲੋਕਾਂ ਨੇ ਟਰੱਕ ਚਾਲਕ ਨੂੰ ਕਾਬੂ ਕਰ ਕੇ ਪੁਲਸ ਹਵਾਲੇ ਕਰ ਦਿੱਤਾ।

## ਪੰਜਾਬ ਦੇ ਖੇਡ ਵਿਭਾਗ ਵਿੱਚ ਅਫਸਰਾਂ ਦੀ ਖਿੱਚੋਤਾਣ ਕਾਰਨ ਸੂਬੇ 'ਚ ਖੇਡਾਂ ਦਾ ਕੰਮ ਹੇਠਾਂ ਵੱਲ

ਜਲੰਧਰ, 4 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਖੇਡ ਵਿਭਾਗ ਦੇ ਉਚ ਅਧਿਕਾਰੀਆਂ ਦੀ ਖਿੱਚੋਤਾਣ ਦੇ ਕਾਰਨ ਖੇਡ ਵਿਭਾਗ ਦੀ ਡਾਇਰੈਕਟਰ ਅੰਮ੍ਰਿਤ ਕੌਰ ਗਿੱਲ ਨੇ ਛੁੱਟੀ ਤੋਂ ਬਾਅਦ ਖੇਡ ਡਾਇਰੈਕਟਰ ਦੀ ਡਿਊਟੀ ਉਤੇ ਹਾਜ਼ਰ ਹੋਣ ਤੋਂ ਇਨਕ-ਾਰ ਕਰ ਦਿੱਤਾ ਹੈ, ਜਿਸ ਨਾਲ ਖੇਡ ਵਿਭਾਗ ਵਿੱਚ ਹਫੜਾ ਦਫੜੀ ਮਚ ਗਈ।

ਇਸ ਦੇ ਬਾਅਦ ਖੇਡ ਸਕੱਤਰ ਵੱਲੋਂ ਡਿਪਟੀ ਡਾਇਰੈਕਟਰ ਕਰਤਾਰ ਸਿੰਘ ਨੂੰ ਖੇਡ ਵਿਭਾਗ ਦੇ ਡਾਇਰੈਕਟਰ ਦਾ ਆਰਜੀ ਚਾਰਜ ਦੇ ਦਿੱਤਾ ਗਿਆ ਅਤੇ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਪੰਜਾਬ ਦੇ ਮੁੱਖ ਮੰਤਰੀ ਤੇ ਸੂਬੇ ਦੇ ਮੁੱਖ ਸਕੱਤਰ ਨੂੰ ਵੀ ਜਲਦੀ ਨਵਾਂ ਡਾਇਰੈਕਟਰ ਸਪੋਰਟਸ ਲਗਾਉਣ ਲਈ ਪੱਤਰ ਲਿਖਿਆ ਹੈ। ਪਤਾ ਲੱਗਾ ਹੈ ਕਿ ਪੰਜਾਬ ਦੇ ਖੇਡ ਸਕੱਤਰ ਅਤੇ ਡਾਇਰੈਕਟਰ ਖੇਡਾਂ ਦੀ ਖਿੱਚੋਤਾਣ ਕਰਕੇ ਇਹ ਨੌਬਤ ਆਈ ਹੈ ਅਤੇ ਕੇਂਦਰੀ ਸਕੀਮਾਂ ਦਾ ਲਾਭ ਲੈਣ ਤੋਂ ਪੰਜਾਬ ਵਾਂਝਾ ਰਹਿ ਗਿਆ ਹੈ। ਖਿਡਾਰੀਆਂ ਨੂੰ ਪਿਛਲੇ ਕਈ ਸਾਲਾਂ ਤੋਂ ਕੋਈ ਖੇਡ ਸਾਮਾਨ ਨਹੀਂ ਮਿਲ ਰਿਹਾ ਅਤੇ ਕਰੋੜਾਂ ਦੀ ਇਨਾਮੀ ਰਾਸ਼ੀ ਸਾਲ 2017-18 ਅਤੇ 18-19 ਦੀ ਅਜੇ ਤੱਕ ਬਾਕੀ ਹੈ। ਕੌਮਾਂਤਰੀ ਪੱਧਰ 'ਤੇ ਹਿੱਸਾ ਲੈ ਰਹੇ ਖਿਡਾਰੀਆਂ ਨੂੰ ਆਰਥਿਕ ਮਦਦ ਦੀਆਂ ਅਰਜ਼ੀਆਂ ਉੱਤੇ ਵੀ ਕੋਈ ਕਾਰਵਾਈ ਨਹੀਂ ਹੋਈ, ਜਦੋਂ ਕਿ ਪੀ ਆਈ ਐਸ ਮੋਹਾਲੀ 'ਚ ਕੋਚਾਂ ਦੀ ਭਰਤੀ ਤੇ ਡਾਇਰੈਕਟਰ ਟਰੇਨਿੰਗ ਦੀ ਨਿਯੁਕਤੀ ਉਚ ਅਧਿਕਾਰੀਆਂ ਦੀ ਹਰੀ ਝੰਡੀ ਨੂੰ ਉਡੀਕ ਰਹੀ ਹੈ। ਡਾਇਰੈਕਟਰ ਸਪੋਰਟਸ ਅੰਮ੍ਰਿਤ ਕੌਰ ਗਿੱਲ ਇਕ ਕੌਮਾਂਤਰੀ ਸਾਈਕਲਿਸਟ ਸਨ, ਉਨ੍ਹਾਂ ਨੇ ਪੰਜਾਬ ਖੇਡ ਵਿਭਾਗ ਨੂੰ ਚੰਗੇ ਤਰੀਕੇ ਦੇ ਨਾਲ ਚਲਾਇਆ ਸੀ, ਪਰ ਇਸ ਵੇਲੇ ਪੰਜਾਬ ਦੀ ਖੇਡ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਤੇ ਖੇਡਾਂ ਦਾ ਗ੍ਰਾਫ ਹੇਠਾਂ ਵੱਲ ਜਾ ਰਿਹਾ ਹੈ।

## ਤਖਤ ਪਟਨਾ ਸਾਹਿਬ ਬੋਰਡ ਦਾ ਮੈਂਬਰ ਅਕਾਲ ਤਖਤ ਉੱਤੇ ਪੇਸ਼

ਅੰਮ੍ਰਿਤਸਰ, 4 ਸਤੰਬਰ (ਪੋਸਟ ਬਿਊਰੋ)- ਅਕਾਲ ਤਖਤ ਸਾਹਿਬ ਦੇ ਫੈਸਲੇ ਦੇ ਖਿਲਾਫ ਅਦਾਲਤ ਵਿੱਚ ਗਏ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਮਹਿੰਦਰ ਸਿੰਘ ਢਿੱਲੋਂ ਨੇ ਕੱਲ੍ਹ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਅੱਗੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦਿੱਤਾ ਤੇ ਕਿਹਾ ਕਿ ਉਹ ਅਕਾਲ ਤਖਤ ਨੂੰ ਸਮਰਪਿਤ ਹੈ। ਇਸ ਮੌਕੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਰਾਜਸਥਾਨ ਦੀ ਗੰਗਾਨਗਰ ਅਦਾਲਤ ਵੱਲੋਂ ਜਾਰੀ ਕੀਤੇ ਸੰਮਨ ਦਾ ਮਾਮਲਾ ਕਾਨੂੰਨੀ ਕਾਰਵਾਈ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਹੈ।

ਵਰਨਣ ਯੋਗ ਹੈ ਕਿ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਨੇ ਉਥੋਂ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਕਈ ਗੰਭੀਰ ਦੋਸ਼ਾਂ ਹੇਠ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਸੀ। ਇਸ ਸਬੰਧੀ ਅਕਾਲ ਤਖਤ ਵੱਲੋਂ ਵੀ ਆਦੇਸ਼ ਦਿੱਤੇ ਗਏ ਸਨ। ਗਿਆਨੀ ਇਕਬਾਲ ਸਿੰਘ ਨੇ ਇਸ ਫੈਸਲੇ ਨੂੰ ਬਿਹਾਰ ਤੇ ਪਟਨਾ ਸਾਹਿਬ ਵਿੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਅਤੇ ਦਾਅਵਾ ਕੀਤਾ ਕਿ ਅਕਾਲ ਤਖਤ ਨੂੰ ਤਖਤ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਕੰਮਾਂ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ। ਇਸ ਪਟੀਸ਼ਨ ਦਾ ਜਨਰਲ ਸਕੱਤਰ ਮਹਿੰਦਰ ਸਿੰਘ ਢਿੱਲੋਂ ਨੇ ਸਮਰਥਨ ਕਰਦਿਆਂ ਅਦਾਲਤ ਵਿੱਚ ਗਵਾਹੀ ਦਿੱਤੀ ਸੀ। ਅਕਾਲ ਤਖਤ ਨੇ ਮਹਿੰਦਰ ਸਿੰਘ ਢਿੱਲੋਂ ਕੋਲੋਂ ਇਸ ਬਾਰੇ ਸਪੱਸ਼ਟੀਕਰਨ ਮੰਗਿਆ ਸੀ। ਕੱਲ੍ਹ ਇਸ ਮਾਮਲੇ ਵਿੱਚ ਅਕਾਲ ਤਖਤ ਦੇ ਜਥੇਦਾਰ ਕੋਲ ਪੇਸ਼ ਹੋਏ ਢਿੱਲੋਂ ਨੇ ਕਿਹਾ ਉਹ ਹਮੇਸ਼ਾਂ ਅਕਾਲ ਤਖਤ ਨੂੰ ਸਮਰਪਿਤ ਹੈ ਅਤੇ ਭਵਿੱਖ ਵਿੱਚ ਵੀ ਸਮਰਪਿਤ ਰਹੇਗਾ। ਉਸ ਨੇ ਲਿਖਤੀ ਰੂਪ ਵਿੱਚ ਕਿਹਾ ਕਿ ਅਦਾਲਤੀ ਫੈਸਲੇ ਖਿਲਾਫ ਦਰਜ ਕਰਵਾਈ ਗਵਾਹੀ ਉਹ ਵਾਪਸ ਲੈ ਲਵੇਗਾ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਨੇ ਬਹੁਸੰਮਤੀ ਨਾਲ ਗਿਆਨੀ ਇਕਬਾਲ ਸਿੰਘ ਨੂੰ ਅਹੁਦੇ ਤੋਂ ਹਟਾਉਣ ਦਾ ਫੈਸਲਾ ਲਿਆ ਸੀ। ਕੱਲ੍ਹ ਜਨਰਲ ਸਕੱਤਰ ਮਹਿੰਦਰ ਸਿੰਘ ਢਿੱਲੋਂ ਨੇ ਲਿਖਤੀ ਰੂਪ ਵਿੱਚ ਦਿੱਤਾ ਕਿ ਉਹ ਇਸ ਦੇ ਖਿਲਾਫ ਆਪਣੀ ਗਵਾਹੀ ਵਾਪਸ ਲੈ ਲਵੇਗਾ।

ਦੂਸਰੇ ਪਾਸੇ ਰਾਜਸਥਾਨ ਦੀ ਗੰਗਾਨਗਰ ਅਦਾਲਤ ਵੱਲੋਂ ਜਥੇਦਾਰ ਦੇ ਨਾਂ ਜਾਰੀ ਕੀਤੇ ਸੰਮਨ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਹੈ, ਜੋ ਇਸ ਦੇ ਲਈ ਲੋੜੀਂਦੀ ਕਾਨੂੰਨੀ ਕਾਰਵਾਈ ਕਰੇਗੀ। ਉਨ੍ਹਾਂ ਦੱਸਿਆ ਕਿ ਗੰਗਾਨ-ਗਰ ਦੇ 11 ਜੀਅ ਹਰਨੀਆ ਪਿੰਡ ਦੇ ਗੁਰਸਾਹਿਬ ਸਿੰਘ ਹੈਪੀ ਨੇ ਆਪਣੇ ਘਰ ਵਿੱਚ ਪੀਰਖਾਨਾ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਜੋ ਸਿੱਖ ਮਰਿਆਦਾ ਦੇ ਖਿਲਾਫ ਹੈ। 2017 ਵਿੱਚ ਪਾਵਨ ਸਰੂਪ ਉਥੋਂ ਲਿਆਉਣ ਦਾ ਫੈਸਲਾ ਹੋਇਆ ਸੀ। ਇਸੇ ਦੇ ਖਿਲਾਫ ਗੁਰਸਾਹਿਬ ਸਿੰਘ ਨੇ ਅਦਾਲਤ ਵਿੱਚ ਅਰਜ਼ੀ ਦਿੱਤੀ ਹੈ। ਇਸ ਮਾਮਲੇ ਵਿੱਚ ਅਗਲੇਰੀ ਕਾਨੂੰਨੀ ਕਾਰਵਾਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਵੇਗੀ।

## 19 ਕਰੋੜ ਰੁਪਏ ਦੀ ਠੱਗੀ ਕਰਨ ਦੇ ਦੋਸ਼ ਵਿੱਚ ਦੋ ਨਾਮਜ਼ਦ

ਗੁਰਦਾਸਪੁਰ, 4 ਸਤੰਬਰ (ਪੋਸਟ ਬਿਊਰੋ)- ਲਗਭਗ 19 ਕਰੋੜ ਰੁਪਏ ਦੀ ਠੱਗੀ ਕਰਨ ਦੇ ਦੋਸ਼ ਵਿੱਚ ਸਿਟੀ ਪੁਲਸ ਨੇ ਦੋ ਜਣਿਆਂ ਵਿਰੁੱਧ ਧਾਰਾ 420 ਅਤੇ 120 ਬੀ ਦਾ ਕੇਸ ਦਰਜ ਕੀਤਾ ਹੈ, ਪਰ ਮੁਲਜ਼ਮਾਂ ਦੀ ਅਜੇ ਗ੍ਰਿਫਤਾਰੀ ਨਹੀਂ ਹੋਈ ਹੈ। ਗੁਰਦਾ-ਸਪੁਰ ਵਿਖੇ ਇੰਨੀ ਵੱਡੀ ਰਾਸ਼ੀ ਦਾ ਸਕੈਂਡਲ ਪਹਿਲੀ ਵਾਰ ਹੋਇਆ ਹੈ।

ਇਸ ਸੰਬੰਧ ਵਿੱਚ ਜ਼ਿਲ੍ਹਾ ਪੁਲਸ ਮੁਖੀ ਸਵਰਨਦੀਪ ਸਿੰਘ ਨੇ ਦੱਸਿਆ ਕਿ ਗੁਰਮੀਤ ਸਿੰਘ ਪੁੱਤਰ ਸੌਦਾਗਰ ਸਿੰਘ ਵਾਸੀ ਢੋਲੇਵਾਲ (ਪਠਾਨਕੋਟ) ਨੇ 18 ਫਰਵਰੀ 2019 ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਕਰੀਬ 19 ਸਾਲ ਭਾਰਤੀ ਫੌਜ ਵਿੱਚ ਨੌਕਰੀ ਕਰਨ ਪਿੱਛੋਂ ਸੇਵਾ-ਮੁਕਤ ਹੋਇਆ ਸੀ। ਉਸ ਦੀ ਗੱਲਬਾਤ ਰਵਿੰਦਰ ਸਿੰਘ ਵਾਸੀ ਪੁੱਲ ਤਿੱਬੜੀ ਮੈਨੇਜਿੰਗ ਡਾਇਰੈਕਟਰ ਕਿੰਮ ਫਿਊਚਰ ਵੀਜ਼ਨ ਸਰਵਿਸ ਲਿਮਟਿਡ ਕੰਪਨੀ ਗੁਰਦਾਸਪੁਰ ਨਾਲ ਹੋਈ ਤਾਂ ਮੁਲਜ਼ਮ ਨੇ ਦੱਸਿਆ ਕਿ ਵੱਖ-ਵੱਖ ਯੋਜਨਾਵਾਂ ਹੇਠ ਪੈਸੇ ਜਮ੍ਹਾ ਕਰ ਕੇ ਵਿਆਜ ਸਮੇਤ ਵਾਪਸ ਕਰਦੇ ਹਨ ਅਤੇ ਜਮ੍ਹਾ ਹੋਏ ਪੈਸਿਆਂ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੁੰਦੀ ਹੈ। ਜ਼ਿਲ੍ਹਾ ਪੁਲਸ ਮੁਖੀ ਅਨੁਸਾਰ ਸ਼ਿਕਾਇਤ ਕਰਤਾ ਨੇ ਇਸ ਯੋਜਨਾ ਅਧੀਨ ਆਪਣੇ ਏਜੰਟ ਬਣਾਏ ਅਤੇ ਏਜੰਟਾਂ ਨੂੰ ਰਵਿੰਦਰ ਸਿੰਘ ਅਤੇ ਕੰਪਨੀ ਦੇ ਕੈਸ਼ੀਅਰ ਕਿਸ਼ਨ ਚੰਦ ਵਾਸੀ ਗੁਰਦਾ-ਸਪੁਰ ਨਾਲ ਮਿਲਾਇਆ ਸੀ। ਇਸ ਤਰ੍ਹਾਂ ਨਾਲ ਸਾਰੇ ਏਜੰਟਾਂ ਨੇ ਮੁਲਜ਼ਮਾਂ ਨਾਲ ਮਿਲ ਕੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਤੋਂ ਲਗਭਗ 13 ਕਰੋੜ 35 ਲੱਖ 58 ਹਜ਼ਾਰ ਰੁਪਏ ਕੰਪਨੀ ਕੋਲ ਜਮ੍ਹਾ ਕਰਵਾਏ ਸਨ।

## ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਹਾਈ ਕੋਰਟ ਵੱਲੋਂ ਝਟਕਾ

ਚੰਡੀਗੜ੍ਹ, 4 ਸਤੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਝਟਕਾ ਦਿੱਤਾ ਅਤੇ ਯੂਨੀਵਰਸਿਟੀ ਦੇ ਡੀ ਐਸ ਡਬਲਯੂ ਅਹੁਦੇ ਉਤੇ ਪ੍ਰੋ. ਈਮੈਨਿਊਅਲ ਨਾਹਲ ਦੀ ਬਹਾਲੀ ਦੇ ਆਰਜ਼ੀ ਹੁਕਮ ਜਾਰੀ ਕੀਤੇ ਹਨ। ਹਾਈ ਕੋਰਟ ਦੇ ਜਸਟਿਸ ਅਰੁਣ ਮੋਂਗਾ ਨੇ ਪ੍ਰ. ਨਾਹਰ ਸਮੇਤ ਯੂਨੀਵਰਸਿਟੀ ਦੇ ਚਾਰ ਹੋਰ ਸੀਨੇਟਰਾਂ ਵੱਲੋਂ ਦਰਜ ਪਟੀਸ਼ਨਾਂ ਉਤੇ ਸੁਣਵਾਈ ਦੌਰਾਨ ਇਹ ਹੁਕਮ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਨ੍ਹਾਂ ਪਟੀਸ਼ਨਾਂ ਰਾਹੀਂ ਵਾਈਸ ਚਾਂਸਲਰ ਦੇ ਹੁਕਮ ਨੂੰ ਚੁਣੌਤੀ ਦੇ ਕੇ ਇਸ ਨੂੰ ਗਲਤ ਕਿਹਾ ਗਿਆ ਸੀ। ਆਪਣੇ ਹੁਕਮ ਵਿੱਚ ਜਸਟਿਸ ਮੋਂਗਾ ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਇਹ ਹੁਕਮ ਦਿੱਤਾ ਹੈ ਕਿ ਉਹ ਅਗਲੇ ਸੱਤ ਦਿਨਾਂ ਦੇ ਅੰਦਰ ਦੁਬਾਰਾ ਸੈਨੇਟ ਦੀ ਬੈਠਕ ਬੁਲਾਉਣ ਅਤੇ ਡੀਨ ਸਟੂਡੈਂਟਸ ਵੈਲਫੇਅਰ (ਡੀ ਐਸ ਡਬਲਯੂ) ਦੇ ਅਹੁਦੇ ਬਾਰੇ ਨਵੇਂ ਸਿਰੇ ਤੋਂ ਫੈਸਲਾ ਲੈਣ, ਉਦੋਂ ਤੱਕ ਪ੍ਰੋ. ਈਮੈਨਿਊਲ ਨਾਹਰ ਡੀ ਐਸ ਡਬਲਯੂ




ਦੇ ਅਹੁਦੇ 'ਤੇ ਬਣੇ ਰਹਿਣਗੇ। ਹਾਈ ਕੋਰਟ ਨੇ ਕਿਹਾ ਕਿ 22 ਅਗਸਤ ਦੀ ਸੈਨੇਟ ਦੀ ਬੈਠਕ ਵਿੱਚ ਵਾਈਸ ਚਾਂਸਲਰ ਨੇ ਸੀਨੇਟ ਦੇ 48 ਮੈਂਬਰਾਂ ਦੀ ਰਾਏ ਨੂੰ ਲਾਂਭੇ ਕਰ ਦਿੱਤਾ ਅਤੇ ਪ੍ਰੋ. ਨਾਹਰ ਦੀ ਜਗ੍ਹਾ ਪ੍ਰੋ. ਜਗਤ ਭੂਸ਼ਣ ਨੂੰ ਡੀ ਐਸ ਡਬਲਯੂ ਨਿਯੁਕਤ ਕਰ ਦਿੱਤਾ ਸੀ। ਕੋਰਟ ਦੇ ਹੁਕਮ ਨਾਲ ਉਸ ਬੈਠਕ ਤੋਂ ਪਹਿਲਾਂ ਦੀ ਸਥਿਤੀ ਬਰਕਰਾਰ ਰਹੇਗੀ ਤੇ ਇਸ ਮਾਮਲੇ 'ਚ ਸੀਨੇਟ ਵੱਲੋਂ ਸੱਤ ਦਿਨਾਂ ਦੇ ਅੰਦਰ ਦੁਬਾਰਾ ਬੈਠਕ ਕਰਕੇ ਫੈਸਲਾ ਲਿਆ ਜਾਵੇਗਾ। ਕੋਰਟ ਨੇ ਕਿਹਾ ਕਿ ਇਹ ਹੁਕਮ ਇਨ੍ਹਾਂ ਪਟੀਸ਼ਨਾਂ ਉੱਤੇ ਹਾਈ ਕੋਰਟ ਦੇ ਅੰਤਿਮ ਫੈਸਲੇ 'ਤੇ ਨਿਰਭਰ ਕਰੇਗਾ। ਇਸ ਮਾਮਲੇ ਵਿੱਚ ਅਗਲੀ ਸੁਣਵਾਈ 16 ਸਤੰਬਰ ਨੂੰ ਹੋਵੇਗੀ। ਜਸਟਿਸ ਮੋਂਗਾ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਵੱਲੋਂ ਸੈਨੇਟ ਮੀਟਿੰਗ ਦੀ ਕਾਰਵਾਈ ਅਤੇ ਹਾਈ ਕੋਰਟ ਦੇ ਸਾਹਮਣੇ ਪੇਸ਼ ਡੀ ਵੀ ਡੀ ਵਿੱਚ ਵਿਰੋਧ ਜਤਾਇਆ ਹੈ ਕਿਉਂਕਿ ਪੰਜਾਬ ਯੂਨੀਵਰਸਿਟੀ ਦਾ ਕਹਿਣਾ ਹੈ ਕਿ ਪ੍ਰੋ. ਨਾਹਰ ਨੂੰ ਐਕਸਟੈਂਸ਼ਨ ਦੇਣ ਬਾਰੇ ਕੋਈ ਵੋਟਿੰਗ ਨਹੀਂ ਸੀ ਹੋਈ। ਦੂਸਰੇ ਪਾਸੇ ਡੀ ਵੀ ਡੀ ਵਿੱਚ ਸਾਫ ਨਜ਼ਰ ਆ ਰਿਹਾ ਹੈ ਕਿ 48 ਮੈਂਬਰਾਂ ਨੇ ਸਿੰਡੀਕੇਟ ਦੀ ਬੈਠਕ ਦੌਰਾਨ ਹੀ ਪ੍ਰੋ. ਨਾਹਰ ਨੂੰ ਸਿੰਡੀਕੇਟ ਦੀ ਬੈਠਕ ਵਿੱਚ ਲਏ ਗਏ ਐਕਸਟੈਂਸ਼ਨ ਦੇ ਫੈਸਲੇ ਦੇ ਪੱਖ ਵਿੱਚ ਇਕ ਮਤਾ ਤਿਆਰ ਕਰਕੇ ਉਸ 'ਤੇ ਆਪਣੇ ਦਸਤਖਤ ਕਰਕੇ ਦੁਪਹਿਰ ਬਾਅਦ ਸੀਨੇਟ ਦੀ ਬੈਠਕ 'ਚ ਪੇਸ਼ ਕਰ ਦਿੱਤਾ ਸੀ। ਅਜਿਹੇ 'ਚ ਇਹ ਨਹੀਂ ਕਿਹਾ ਜਾ ਸਕਦਾ ਕਿ ਵੋਟਿੰਗ ਦੀ ਗੱਲ ਨਹੀਂ ਹੋਈ। ਪੰਜਾਬ ਯੂਨੀਵਰਸਿਟੀ ਵੱਲੋਂ ਪੇਸ਼ ਰਿਕਾਰਡ ਵਿੱਚ ਇਨ੍ਹਾਂ 48 ਮੈਂਬਰਾਂ ਦੇ ਦਸਤਖਤ ਦੇ ਮਤੇ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ ਹੈ। ਹਾਈ ਕੋਰਟ ਨੇ ਕਿਹਾ ਕਿ ਸੀਨੇਟ ਦੀ ਬੈਠਕ ਦੇ ਮਿੰਟਸ 'ਤੇ ਸਿਰਫ ਵਾਈਸ ਚਾਂਸਲਰ ਵੱਲੋਂ ਇਸ ਨੂੰ ਮਨਜ਼ੂਰੀ ਦਿੱਤੇ ਜਾਣ ਦੇ ਦਸਤਖਤ ਹਨ, ਹੋਰ ਕਿਸੇ ਮੈਂਬਰ ਦੇ ਦਸਤਖਤ ਹੀ ਨਹੀਂ ਹਨ।

## ਨੌਕਰੀ ਦਾ ਝਾਂਸਾ ਦੇ ਕੇ ਮਣੀਪੁਰ ਤੋਂ ਔਰਤ ਲਿਆਂਦੀ ਤੇ ਕਿਡਨੀ ਕੱਢਣ ਲੱਗੇ ਸਨ

ਚੰਡੀਗੜ੍ਹ, 4 ਸਤੰਬਰ (ਪੋਸਟ ਬਿਊਰੋ)- ਮਣੀਪੁਰ ਤੋਂ ਨੌਕਰੀ ਦਾ ਝਾਂਸਾ ਦੇ ਕੇ ਦੋ ਔਰਤਾਂ 26 ਸਾਲ ਦੀ ਇੱਕ ਮਹਿਲਾ ਨੂੰ ਚੰਡੀਗੜ੍ਹ ਲੈ ਆਈਆਂ ਅਤੇ ਇਸ ਦੇ ਬਾਅਦ ਧੋਖਾ ਦੇ ਕੇ ਉਸ ਦੇ ਕਿਡਨੀ ਇੱਕ ਵਿਅਕਤੀ ਦੇ ਟਰਾਂਸਪਲਾਂਟ ਕਰਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਇਸ ਬਾਰੇ ਪੀੜਤ ਔਰਤ ਨੂੰ ਪਤਾ ਨਹੀਂ ਲੱਗਾ।




ਮਿਲੀ ਜਾਣਕਾਰੀ ਅਨੁਸਾਰ ਕਿਡਨੀ ਟਰਾਂਸਪਲਾਂਟ ਸਹੀ ਤਰ੍ਹਾਂ ਨਾਲ ਕਰਨ ਦੇ ਲਈ ਔਰਤ ਦੇ ਦਸਤਾਵੇਜ਼ ਬਣਾਏ ਗਏ ਅਤੇ ਔਰਤ ਦਾ ਐਫੀਡੇਵਿਟ ਵੀ ਬਣਵਾ ਕੇ ਇਸ ਵਿੱਚ ਲਿਖਵਾ ਦਿੱਤਾ ਕਿ ਉਹ ਆਪਣੀ ਮਰਜ਼ੀ ਨਾਲ ਕਿਡਨੀ ਦਾਨ ਕਰ ਰਹੀ ਹੈ। ਔਰਤ ਦਾ ਮੋਹਾਲੀ ਦੇ ਪ੍ਰਾਈਵੇਟ ਹਸਪਤਾਲ ਤੋਂ ਟੈਸਟ ਵੀ ਕਰਾਇਆ ਗਿਆ। ਕਿਸੇ ਤਰ੍ਹਾਂ ਨਾਲ ਚੁੰਗਲ 'ਚੋਂ ਨਿਕਲ ਕੇ ਉਹ ਔਰਤ ਹੈਲਪਲਾਈਨ 181 ਤੱਕ ਜਾ ਪੁੱਜੀ। ਇਸ ਮਗਰੋਂ ਚੰਡੀਗੜ੍ਹ ਦੀ ਐੱਸ ਐੱਸ ਪੀ, ਜਗਦਾਲੇ ਵਿਜੇ ਨਿਲਾਂਬਰੀ ਨੇ ਜਾਂਚ ਸ਼ੁਰੂ ਕਰਵਾ ਮਾਰਕ ਕਰ ਦਿੱਤੀ ਹੈ, ਜਿਸ ਦਾ ਜ਼ਿੰਮਾ ਡੀ ਐੱਸ ਪੀ ਸੈਂਟਰਲ ਨੂੰ ਸੌਂਪਿਆ ਹੈ। ਪੁਲਸ ਇਸ ਔਰਤ ਦੇ ਬਿਆਨ ਦਰਜ ਕਰ ਰਹੀ ਹੈ। ਉਸ ਕੋਲੋਂ ਪੁਲਸ ਨੂੰ ਚਾਰ ਐਫੀਡੇਵਿਟ ਅਤੇ ਫਰਜ਼ੀ ਆਧਾਰ ਕਾਰਡ ਮਿਲੇ ਹਨ। ਔਰਤ ਦੇ ਨਾਲ ਉਸ ਦਾ ਬੱਚਾ ਵੀ ਹੈ, ਜਿਸ ਦੀ ਉਮਰ ਕਰੀਬ ਪੰਜ ਸਾਲ ਹੈ। ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਔਰਤ 12 ਅਗਸਤ ਦੀ ਫਲਾਈਟ ਤੋਂ ਚੰਡੀਗੜ੍ਹ ਆਈ ਅਤੇ ਇਥੇ ਉਸ ਨੂੰ ਚੰਡੀਗੜ੍ਹ ਵਿੱਚ ਖੁੱਡਾ ਜੱਸੂ ਪਿੰਡ ਵਿੱਚ ਰੱਖਿਆ ਗਿਆ। ਉਸ ਨੂੰ ਲਿਆਉਣ ਵਾਲੀਆਂ ਦੋ ਔਰਤਾਂ ਵਿੱਚੋਂ ਇੱਕ ਔਰਤ ਪੀੜਤਾ ਦੇ ਗਵਾਂਢੀ ਪਿੰਡ ਦੀ ਰਹਿਣ ਵਾਲੀ ਹੈ। ਔਰਤ ਨੂੰ ਝਾਂਸਾ ਦਿੱਤਾ ਗਿਆ ਸੀ ਕਿ ਉਸ ਨੂੰ ਬਲਬ ਦੀ ਫੈਕਟਰੀ ਵਿੱਚ ਨੌਕਰੀ ਲਵਾਇਆ ਜਾਏਗਾ। ਇਥੇ ਆਉਣ ਦੇ ਕੁਝ ਦਿਨ ਬਾਅਦ ਮਹਿਲਾ ਦਾ ਪੰਜਾਬ ਵਿੱਚ ਇੱਕ ਕਲੀਨਿਕ ਵਿੱਚ ਚੈਕਅਪ ਕੀਤਾ ਗਿਆ ਸੀ।

## ਦਿਨ ਦਿਹਾੜੇ ਪੀ ਐਨ ਬੀ ਵਿੱਚੋਂ 7.60 ਲੱਖ ਰੁਪਏ ਦੀ ਲੁੱਟ

ਫਗਵਾੜਾ, 4 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਲਗਾਤਾਰ ਜਾਰੀ ਹਨ, ਜਿਸ ਦੇ ਦੌਰਾਨ ਕੱਲ੍ਹ ਦੁਪਹਿਰ ਹੁਸ਼ਿਆਰਪੁਰ ਰੋਡ 'ਤੇ ਪੰਜਾਬ ਨੈਸ਼ਨਲ ਬੈਂਕ ਦੀ ਬ੍ਰਾਂਚ ਵਿੱਚ ਆਏ ਪਿਸਤੌਲ ਧਾਰਕ ਲੁਟੇਰਿਆਂ ਨੇ ਬੈਂਕ ਦੇ ਖਜ਼ਾਨਚੀ ਤੋਂ 7,60,000 ਰੁਪਏ ਲੁੱਟੇ ਅਤੇ ਫਰਾਰ ਹੋ ਗਏ।

ਪਤਾ ਲੱਗਾ ਹੈ ਕਿ ਇੱਕ ਕਾਰ 'ਚ ਸਵਾਰ ਹੋ ਕੇ ਪੰਜ ਲੁਟੇਰੇ ਬੈਂਕ ਦੇ ਨੇੜੇ ਪੁੱਜੇ ਅਤੇ ਕਾਰ ਸਾਈਡ ਉਤੇ ਲਾ ਕੇ ਦੋ ਜਣੇ ਬੈਂਕ ਦੇ ਅੰਦਰ ਜਾ ਕੇ ਇੱਕ ਫਾਰਮ ਭਰਨ ਲੱਗ ਪਏ। ਫਿਰ ਬੈਂਕ ਦਾ ਮਾਹੌਲ ਦੇਖ ਕੇ ਇਨ੍ਹਾਂ ਨੇ ਪਹਿਲਾਂ ਬੈਂਕ ਵਿੱਚ ਮੌਜੂਦ ਗਾਹਕਾਂ ਦੇ ਮੋਬਾਈਲ ਇਕੱਠੇ ਕੀਤੇ ਅਤੇ ਇੱਕ ਜਣੇ ਨੇ ਮੈਨੇਜਰ ਨੂੰ ਪਿਸਤੌਲ ਦਿਖਾਈ ਅਤੇ ਦੂਸਰੇ ਨੇ ਕੈਸ਼ੀਅਰ ਦੇ ਕਾਊਂਟਰ ਉੱਤੇ ਜਾ ਕੇ ਉਸ ਵੱਲ ਪਿਸਤੌਲ ਤਾਣ ਦਿੱਤਾ। ਉਹ ਕਰੀਬ



ਲੁਟ ਬਾਰੇ ਪੁਲਸ ਨੂੰ ਜਾਣਕਾਰੀ ਦਿੰਦੇ ਹੋਏ ਬੈਂਕ ਦੇ ਕਰਮੀ।

7,60,000 ਰੁਪਏ ਦੀ ਨਕਦੀ ਲੈ ਕੇ ਫਰਾਰ ਹੋ ਗਏ ਅਤੇ ਜਾਂਦੇ ਸਮੇਂ ਗਾਹਕਾਂ ਦੇ ਮੋਬਾਈਲ ਇੱਕ ਟੇਬਲ ਉੱਤੇ ਰੱਖ ਗਏ। ਘਟਨਾ ਦੀ ਸੂਚਨਾ ਮਿਲਦੇ ਐੱਸ ਐੱਸ ਪੀ ਸਤਿੰਦਰ ਸਿੰਘ, ਐੱਸ ਪੀ ਮਨਦੀਪ ਸਿੰਘ, ਡੀ ਐੱਸ ਪੀ ਮਨਜੀਤ ਸਿੰਘ ਤੇ ਐੱਸ ਐੱਚ ਓ ਸਿਟੀ ਵਿਜੈਕੰਵਰ ਮੌਕੇ ਉਤੇ ਪੁੱਜੇ ਅਤੇ ਘਟਨਾ ਦਾ ਜਾਇਜ਼ਾ ਲਿਆ। ਐੱਸ ਐੱਸ ਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਉਕਤ ਲੁਟੇਰਿਆਂ ਨੇ ਡੀ ਵੀ ਆਰ ਅਤੇ ਕੈਮਰਿਆਂ ਨੂੰ ਵੀ ਨੁਕਸਾਨ ਪੁਚਾਉਣ ਦੀ ਕੋਸ਼ਿਸ਼ ਕੀਤੀ ਸੀ। ਉਚ ਪੁਲਸ ਅਧਿਕਾਰੀਆਂ ਦੇ ਮੁਤਾਬਕ ਡਕੈਤੀ ਵਿੱਚ ਸ਼ਾਮਲ ਇੱਕ ਵਿਅਕਤੀ ਦੀ ਪਛਾਣ ਰਵੀ ਬਲਾਚੌਰ ਵਜੋਂ ਹੋਈ ਹੈ।

## ਕੀਨੀਆ 'ਚ ਆਏ ਹੜ੍ਹਾਂ ਕਾਰਨ ਨਵਾਂ ਸ਼ਹਿਰ ਦੇ ਚਾਰ ਜਣਿਆਂ ਦੀ ਮੌਤ

ਨਵਾਂ ਸ਼ਹਿਰ, 4 ਸਤੰਬਰ (ਪੋਸਟ ਬਿਊਰੋ)- ਕੀਨੀਆ ਦੇ ਹੇਲਸ ਗੇਟ ਨੈਸ਼ਨਲ ਪਾਰਕ ਵਿੱਚ ਅਚਾਨਕ ਆਏ ਹੜ੍ਹ 'ਚ ਉਥੇ ਘੁੰਮਣ ਗਏ ਨਵਾਂ ਸ਼ਹਿਰ ਦੇ ਇੱਕੋ ਪਰਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ। ਪਰਵਾਰ ਦੇ ਚਾਰ ਹੀ ਮੈਂਬਰ ਹੋਣ ਕਾਰਨ ਦਾ ਪੂਰਾ ਪਰਵਾਰ ਖਤਮ ਹੋ ਗਿਆ।

ਨਵਾਂ ਸ਼ਹਿਰ ਦੇ ਹਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਉਸ ਦਾ ਚਚੇਰਾ ਭਰਾ ਜਸਵਿੰਦਰ ਸਿੰਘ ਤੰਬੜ (50), ਉਸ ਦੀ ਪਤਨੀ ਮਨਪ੍ਰੀਤ ਕੌਰ (38), ਬੇਟੀ ਇੰਦਰਪ੍ਰੀਤ ਕੌਰ (15) ਅਤੇ ਬੇਟੀ ਹਰਸ਼ਦੀਪ ਸਿੰਘ (11) ਸਾਲ ਸ਼ਾਮਲ ਸਨ। ਹਰਦੀਪ ਦੇ ਅਨੁਸਾਰ ਕੀਨੀਆ ਤੋਂ ਆਏ ਫੋਨ ਉਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਕਿੰਗਡਮ



ਮ੍ਰਿਤਕਾਂ ਦੇ ਪਰਿਵਾਰਕ ਮੈਂਬਰ ਵਿਰਲਾਪ ਕਰਦੇ ਹੋਏ।

ਇਲਾਕੇ ਵਿੱਚ ਪਏ ਮੀਂਹ ਦੇ ਕਾਰਨ ਅਚਾਨਕ ਹੜ੍ਹ ਆ ਗਿਆ ਅਤੇ ਉਥੇ ਖੜ੍ਹੇ ਸੱਤ ਜਣੇ ਹੜ੍ਹ ਦੀ ਲਪੇਟ ਵਿੱਚ ਆ ਗਏ ਤੇ ਤੇਜ਼ ਪਾਣੀ ਵਿੱਚ ਵਹਿ ਗਏ। ਤਿੰਨ ਹੋਰ ਮ੍ਰਿਤਕਾਂ ਵਿੱਚ ਉਨ੍ਹਾਂ ਦਾ ਭਾਰਤੀ ਮੂਲ ਦਾ ਦੋਸਤ, ਇੱਕ ਵਿਦੇਸ਼ੀ ਅਤੇ ਕੀਨੀਆ ਦਾ ਗਾਈਡ ਸ਼ਾਮਲ ਸਨ। ਮ੍ਰਿਤਕ ਦੀ ਭੈਣ ਪਰਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਭਰਾ 1989 ਵਿੱਚ ਕੀਨੀਆ ਦੇ ਸ਼ਹਿਰ ਨੈਰੋਬੀ ਵਿੱਚ ਗਿਆ ਅਤੇ ਮੋਟਰ ਸਪੇਅਰ ਪਾਰਟਸ ਦਾ ਵਪਾਰ ਕਰਦਾ ਸੀ। ਉਸ ਨੇ ਪਰਵਾਰ ਸਣੇ ਕੀਨੀਆ ਦੀ ਨਾਗਰਿਕਤਾ ਲਈ ਹੋਈ ਸੀ। ਮੂਲ ਰੂਪ ਵਿੱਚ ਉਹ ਨਵਾਂ ਸ਼ਹਿਰ ਦੇ ਨਾਲ ਲੱਗਦੇ ਪਿੰਡ ਸੂਰਾਪੁਰਾ ਦਾ ਰਹਿਣ ਵਾਲਾ ਸੀ।



## ਟਾਟਾ ਸਟੀਲ ਕਾਰਖਾਨੇ ਬੰਦ ਕਰਨ ਨਾਲ 400 ਲੋਕਾਂ ਦੀ ਨੌਕਰੀ ਖਤਰੇ ਵਿੱਚ



ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਸਟੀਲ ਖੇਤਰ ਦੀ ਦਿੱਗਜ ਕੰਪਨੀ ਟਾਟਾ ਸਟੀਲ ਨੇ ਦੱਖਣ ਵੇਲਸ ਦੇ ਸ਼ਹਿਰ ਨਿਊਪਰੇਟ ਵਿੱਚ ਆਪਣਾ ਕਾਰਖਾਨਾ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਬ੍ਰਿਟੇਨ ਦੇ ਇਸ ਕਾਰਖਾਨੇ ਦੇ ਕਰੀਬ 400 ਲੋਕਾਂ ਦੀ ਨੌਕਰੀ ਦਾਅ ਉਤੇ ਹੈ। ਇਸ ਤੋਂ ਇਲਾਵਾ ਕੰਪਨੀ ਬ੍ਰਿਟੇਨ ਦੇ ਵਾਲਵਰਹੈਂਪਟਨ ਵਿਚਲੇ ਸਟੀਲ ਸਰਵਿਸ ਸੈਂਟਰ ਨੂੰ ਵੀ ਬੰਦ ਕਰੇਗੀ। ਇਥੇ ਵੀ 26 ਲੋਕਾਂ ਦੀਆਂ ਨੌਕਰੀਆਂ ਜਾਣਗੀਆਂ।

ਟਾਟਾ ਸਟੀਲ ਦੇ ਬਿਆਨ ਮੁਤਾਬਕ ਉਸ ਨੇ ਆਪਣੇ ਕੌਮਾਂਤਰੀ ਕੋਜੇਂਟ ਇਲੈਕਟ੍ਰੀਕਲ ਸਟੀਲ ਸੈਕਟਰ ਤਹਿਤ ਆਉਣ ਵਾਲੇ ਕੈਨੇਡਾ ਤੇ ਸਵੀਡਨ ਦੇ ਪਲਾਂਟਾਂ ਦੀ ਵਿਕਰੀ ਦਾ ਸਮਝੌਤਾ ਕੀਤਾ ਹੈ, ਪਰ ਸਾਰੇ ਬਦਲ ਲੱਭਣ ਦੇ ਬਾਵਜੂਦ ਉਹ ਓਰਬ ਇਲੈਕਟ੍ਰਿਕ ਸਟੀਲਸ ਪਲਾਂਟ ਲਈ ਰਸਤਾ ਨਹੀਂ ਲੱਭ ਸਕੀ। ਟਾਟਾ ਸਟੀਲ ਦੇ ਯੂਰਪੀ ਆਪਰੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਹੇਨਰਿਕ ਐਡਮ ਨੇ ਕਿਹਾ ਕਿ ਓਰਬ ਇਲੈਕਟ੍ਰੀਕਲ ਸਟੀਲਸ ਨੂੰ ਵੱਡਾ ਘਾਟਾ ਹੋ ਰਿਹਾ ਹੈ। ਉਨ੍ਹਾਂ ਮੁਤਾਬਕ ਯੂਰਪੀ ਸਟੀਲ ਉਦਯੋਗ ਚੁਣੌਤੀਆਂ ਨਾਲ ਜੂਝ ਰਿਹਾ ਹੈ ਅਤੇ ਅਗਲੇ ਸਾਲਾਂ ਵਿੱਚ ਓਰਬ ਦੇ ਕਾਰੋਬਾਰ ਦੇ ਲਾਭ ਵਿੱਚ ਪਰਤਣ ਦੀ ਸੰਭਾਵਨਾ ਨਹੀਂ ਦਿੱਸਦੀ। ਐਡਮ ਨੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਸਾਰੇ ਪ੍ਰਭਾਵਤ ਲੋਕਾਂ ਲਈ ਇਹ ਖਬਰ ਕਾਫੀ ਦੁਖੀ ਕਰਨ ਵਾਲੀ ਹੈ, ਅਸੀਂ ਉਨ੍ਹਾਂ ਨੂੰ ਸਮਰਥਨ ਦੇਣ ਦੀ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗੇ।

ਵਰਨਣ ਯੋਗ ਹੈ ਕਿ ਟਾਟਾ ਸਟੀਲ ਯੂਰਪ ਨੇ ਕੱਲ੍ਹ ਇਥੇ ਕਿਹਾ ਕਿ ਉਸ ਨੇ ਆਪਣੀ ਸਹਿ ਕੰਪਨੀ ਕੋਜੇਂਟ ਪਾਵਰ ਇੰਕ (ਸੀ ਪੀ ਆਈ) ਦੀ ਵਿਕਰੀ ਲਈ ਜਾਪਾਨ ਦੀ ਵੱਡੀ ਸਟੀਲ ਕੰਪਨੀ ਜੇ ਐੱਫ ਈ ਸ਼ੋਜੀ ਟ੍ਰੇਡ ਕਾਰਪੋਰੇਸ਼ਨ ਨਾਲ ਸਮਝੌਤਾ ਹੋ ਗਿਆ ਹੈ। ਕੋਜੇਂਟ ਵਿੱਚ ਕਰੀਬ 300 ਲੋਕ ਕੰਮ ਕਰਦੇ ਹਨ। ਸੀ ਪੀ ਆਈ ਕੋਜੇਂਟ ਇਲੈਕਟ੍ਰੀਕਲ ਸਟੀਲਸ ਦਾ ਹਿੱਸਾ ਹੈ, ਜੋ ਪੰਜ ਗੈਰ ਪ੍ਰਮੁੱਖ ਕਾਰੋਬਾਰ ਯੂਨਿਟ ਵਿੱਚ ਆਉਂਦੀ ਹੈ। ਟਾਟਾ ਸਟੀਲ ਯੂਰਪ ਨੇ ਮਈ 2018 ਵਿੱਚ ਇਸ ਦੀ ਵਿਕਰੀ ਦਾ ਐਲਾਨ ਕੀਤਾ ਸੀ। ਟਾਟਾ ਦੇ ਹੋਰ ਗੈਰ ਪ੍ਰਮੁੱਖ ਕਾਰੋਬਾਰੀ ਯੂਨਿਟ ਜਰਮਨੀ ਦੀ ਕਾਲਜਿਪ, ਬ੍ਰਿਟੇਨ ਦੀ ਫਰਸਟ ਸਟੀਲ, ਤੁਰਕੀ ਦੀ ਟਾਟਾ ਸਟੀਲ, ਇਸਤਾਂਬੁਲ ਮੈਟਲਸ ਤੇ ਬ੍ਰਿਟੇਨ ਦੀ ਇੰਜੀਨੀਅਰਿੰਗ ਸਟੀਲਸ ਸਰਵਿਸ ਸੈਂਟਰ ਹਨ, ਪਰ ਹਾਲੇ ਇੱਕ ਹੀ ਬੰਦ ਕੀਤੀ ਗਈ ਹੈ।

### ਸੁੰਨੀ ਵਕਫ ਬੋਰਡ ਨੇ ਕਿਹਾ:

# ਅਯੁੱਧਿਆ ਵਿੱਚ ਮੂਰਤੀਆਂ ਪ੍ਰਗਟ ਨਹੀਂ ਹੋਈਆਂ, ਰੱਖ ਕੇ ਕਬਜ਼ਾ ਕੀਤਾ ਗਿਆ ਸੀ

ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਅਯੁੱਧਿਆ ਵਿਖੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨੀ ਵਿਵਾਦ ਦੀ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਕੱਲ੍ਹ ਮੁਸਲਿਮ ਧਿਰ ਨੇ ਕਿਹਾ ਕਿ ਮਸਜਿਦ ਅੰਦਰ 1949 ਵਿੱਚ ਮੂਰਤੀਆਂ ਦਾ ਪ੍ਰਗਟ ਹੋਣਾ ਕੋਈ ਚਮਤਕਾਰ ਨਹੀਂ ਸੀ, ਇਹ ਇੱਕ ਯੋਜਨਾਬੱਧ ਕਬਜ਼ਾ ਸੀ। ਸੁੰਨੀ ਵਕਫ ਬੋਰਡ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੀਵ ਧਵਨ ਨੇ ਦਲੀਲ ਦਿੱਤੀ ਕਿ ਵਾਦ-ਵਿਵਾਦ ਵਾਲੀ ਜ਼ਮੀਨ ਦੇ ਢਾਂਚੇ ਦੇ ਅੰਦਰ ਦੀਆਂ ਪੱਟੀਆਂ ਉਤੇ ਅੱਲ੍ਹਾ ਸ਼ਬਦ ਲਿਖਿਆ ਮਿਲਿਆ ਹੈ। ਉਨ੍ਹਾਂ ਇਹ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਵਾਦ-ਵਿਵਾਦ ਵਾਲੀ ਥਾਂ ਮੰਦਰ ਨਹੀਂ, ਮਸਜਿਦ ਹੁੰਦੀ ਸੀ ਅਤੇ ਮਸਜਿਦ ਵਿਖੇ ਭਗਵਾਨ ਰਾਮ ਲੱਲਾ ਦੀ ਮੂਰਤੀ ਨੂੰ ਸਥਾਪਤ ਕਰਨਾ ਧੋਖੇ ਨਾਲ ਕਬਜ਼ਾ ਕਰਨ ਦੇ ਬਰਾਬਰ ਹੈ। ਧਵਨ ਨੇ ਕਿਹਾ ਕਿ ਸਾਨੂੰ ਕਿਹਾ ਜਾਂਦਾ ਰਿਹਾ ਹੈ ਕਿ ਤੁਹਾਨੂੰ ਬਦਲਵੀਂ ਥਾਂ ਦਿੱਤੀ ਜਾਏਗੀ। ਇਹ ਤਜਵੀਜ਼ ਪੇਸ਼ ਕਰਨ ਵਾਲੇ ਜਾਣਦੇ ਸਨ ਕਿ



ਸਾਡਾ ਦਾਅਵਾ ਮਜ਼ਬੂਤ ਹੈ। ਢਾਂਚੇ ਕੋਲ ਪੱਕਾ ਰਾਹ ਪਰਿਕਰਮਾ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਪਰਿਕਰਮਾ ਵਿੱਚ ਪੂਜਾ ਕਰਨ ਦਾ ਇੱਕ ਤਰੀਕਾ ਹੈ, ਪਰ ਕੀ ਪਰਿਕਰਮਾ ਨਾਲ ਜ਼ਮੀਨ ਉੱਤੇ ਕਿਸੇ ਦਾ ਅਧਿਕਾਰ ਹੋ ਜਾਏਗਾ? ਉਨ੍ਹਾਂ ਕਿਹਾ ਕਿ ਦਾਅਵਾ ਇਹ ਕੀਤਾ ਜਾਂਦਾ ਹੈ ਕਿ ਉਥੇ ਭਗਵਾਨ ਰਾਮ ਦੇ ਜਨਮ ਵਾਲੀ ਥਾਂ ਹੈ, ਇਹ ਵੀ ਕਿਹਾ ਜਾਂਦਾ ਹੈ ਕਿ ਉਥੇ ਵਿਸ਼ਾਲ ਮੰਦਰ ਸੀ, ਉਸ ਨੂੰ ਪੂਰੀ ਥਾਂ ਮਿਲਣੀ ਚਾਹੀਦੀ ਹੈ, ਜੇ ਉਨ੍ਹਾਂ ਦੀਆਂ ਦਲੀਲਾਂ ਨੂੰ ਮੰਨਿਆ ਜਾਵੇ ਤਾਂ ਪੂਰੀ ਜ਼ਮੀਨ ਉਨ੍ਹਾਂ ਨੂੰ ਮਿਲ ਜਾਏਗੀ, ਮੁਸਲਮਾਨਾਂ ਨੂੰ ਕੁਝ ਵੀ ਨਹੀਂ ਮਿਲੇਗਾ। ਇਹੀ ਨਹੀਂ, ਰਾਜੀਵ ਧਵਨ ਨੇ ਕਿਹਾ ਕਿ ਨਿਰਮੋਹੀ ਅਖਾੜਾ ਨੇ ਵੀ ਗਲਤ ਢੰਗ ਨਾਲ 1934 ਵਿੱਚ ਗੈਰ ਕਾਨੂੰਨੀ ਕਬਜ਼ਾ ਕੀਤਾ ਸੀ। ਵਕਫ ਬੋਰਡ ਦੇ ਨਿਰੀਖਕ ਨੇ ਇਸ ਬਾਰੇ ਰਿਪੋਰਟ ਵੀ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਮਸਜਿਦ ਦਾ ਦਰਵਾਜ਼ਾ ਬੰਦ ਰਹਿੰਦਾ ਸੀ। ਚਾਬੀਆਂ ਮੁਸਲਮਾਨਾਂ ਕੋਲ ਸਨ। ਸ਼ੁੱਕਰਵਾਰ ਦੋ-ਤਿੰਨ ਘੰਟੇ ਲਈ ਦਰਵਾਜ਼ਾ ਖੋਲ੍ਹਿਆ ਜਾਂਦਾ ਸੀ ਅਤੇ ਸਫਾਈ ਪਿੱਛੋਂ ਜੁੰਮੇ ਦੀ ਨਮਾਜ਼ ਅਦਾ ਕੀਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਅਯੁੱਧਿਆ ਵਿਵਾਦ 'ਤੇ ਰੋਕ ਲੱਗਣੀ ਚਾਹੀਦੀ ਹੈ ਅਤੇ ਅੱਗੇ ਤੋਂ ਰਾਮ ਦੇ ਨਾਂਅ ਉੱਤੇ ਕੋਈ ਰੱਥ ਯਾਤਰਾ ਨਹੀਂ ਕੱਢੀ ਜਾਣੀ ਚਾਹੀਦੀ।

ਇਸ ਮੌਕੇ ਸੁਪਰੀਮ ਕੋਰਟ ਨੇ ਅਯੁੱਧਿਆ ਵਿਵਾਦ ਵਿੱਚ ਸੁੰਨੀ ਵਕਫ ਬੋਰਡ ਦੇ ਵਕੀਲ ਰਾਜੀਵ ਧਵਨ ਨੂੰ ਮਿਲੀ ਧਮਕੀ ਬਾਰੇ ਕੱਲ੍ਹ ਚੇਨਈ ਦੇ ਸਾਬਕਾ ਪ੍ਰੋਫੈਸਰ ਐੱਨ ਸ਼ੰਨਮੁਗਮ ਨੂੰ ਨੋਟਿਸ ਵੀ ਜਾਰੀ ਕੀਤਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਮੁਸਲਿਮ ਧਿਰ ਵੱਲੋਂ ਬਹਿਸ ਕਰਨੀ ਛੱਡ ਦੇਣ ਦੀ ਧਮਕੀ ਦੇਣ ਵਾਲੇ 88 ਸਾਲਾ ਸਾਬਕਾ ਪ੍ਰੋਫੈਸਰ ਨੂੰ ਇਸ ਨੋਟਿਸ ਦਾ ਜਵਾਬ ਦੇਣ ਲਈ ਦੋ ਹਫਤਿਆਂ ਦਾ ਸਮਾਂ ਦਿੱਤਾ ਹੈ।

## ਜੰਮੂ-ਕਸ਼ਮੀਰ ਵਿੱਚ ਪੰਚਾਂ, ਸਰਪੰਚਾਂ ਨੂੰ ਪੁਲਸ ਸੁਰੱਖਿਆ ਮਿਲੇਗੀ ਤੇ ਬੀਮਾ ਹੋਵੇਗਾ

ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ 'ਚ ਪੰਚਾਂ ਅਤੇ ਸਰਪੰਚਾਂ ਨੂੰ ਪੁਲਸ ਸੁਰੱਖਿਆ ਦੇ ਨਾਲ ਦੋ-ਦੋ ਲੱਖ ਰੁਪਏ ਬੀਮਾ ਕਵਰੇਜ ਮਿਲੇਗੀ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਭਰੋਸਾ ਜੰਮੂ-ਕਸ਼ਮੀਰ ਦੇ ਸਰਪੰਚਾਂ ਅਤੇ ਪੰਚਾਂ ਦੇ ਇੱਕ ਵਫਦ ਨੂੰ ਕੱਲ੍ਹ ਇਥੇ ਦਿੱਤਾ, ਜਿਹੜਾ ਗ੍ਰਹਿ ਮੰਤਰੀ ਨੂੰ ਕੱਲ੍ਹ ਏਥੇ ਮਿਲਿਆ ਸੀ।

ਕੁਪਵਾੜਾ ਖੇਤਰ ਦੇ ਇੱਕ ਪਿੰਡ ਦੇ ਸਰਪੰਚ ਮੀਰ ਜੁਨੈਦ ਨੇ ਕਿਹਾ ਕਿ ਅਸੀਂ ਗ੍ਰਹਿ ਮੰਤਰੀ ਨੂੰ ਪੂਰਨ ਸੁਰੱਖਿਆ ਦੇਣ ਦੀ ਬੇਨਤੀ ਕੀਤੀ ਹੈ। ਸ਼ਾਹ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਪ੍ਰਸ਼ਾਸਨ ਸਾਨੂੰ ਸੁਰੱਖਿਆ ਦੇਵੇਗਾ। ਸ਼ਿਵਨਗਰ ਦੇ ਇੱਕ ਪਿੰਡ ਹਰਵਨ ਦੇ ਸਰਪੰਚ ਜੁਬੇਰ ਨਸ਼ਾਦ ਭੱਟ ਨੇ ਕਿਹਾ ਕਿ ਗ੍ਰਹਿ ਮੰਤਰੀ ਨੇ ਇਹ ਭਰੋਸਾ ਵੀ ਦਿੱਤਾ ਹੈ ਕਿ ਹਰ ਪੰਚ ਤੇ ਸਰਪੰਚ ਨੂੰ ਦੋ-ਦੋ ਲੱਖ ਦਾ ਬੀਮਾ ਕਵਰ ਦਿੱਤਾ ਜਾਏਗਾ।

# ਨਵੇਂ ਨਿਯਮ ਹੇਠ 23000 ਦਾ ਚਲਾਨ ਕੱਟਿਆ, ਮਾਲਿਕ ਬੋਲਿਆ, ਇੰਨੇ ਦੀ ਸਕੂਟੀ ਵੀ ਨਹੀਂ

ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਨਵੇਂ ਟਰੈਫਿਕ ਨਿਯਮ ਲਾਗੂ ਹੋਣ ਤੇ ਜੁਰਮਾਨਾ ਵਧਣ ਦਾ ਹੁਕਮ ਲਾਗੂ ਹੋਣ ਉੱਤੇ ਦਿੱਲੀ ਵਾਸੀ ਇੱਕ ਵਿਅਕਤੀ ਦਾ ਗੁੜਗਾਓਂ ਵਿੱਚ 23000 ਰੁਪਏ ਦਾ ਚਲਾਨ ਕੱਟਿਆ ਗਿਆ ਹੈ। ਇਸ ਦੇ ਨਾਲ ਗੁੜਗਾਓਂ ਟਰੈਫਿਕ ਪੁਲਸ ਨੇ ਸਕੂਟੀ ਨੂੰ ਸੀਜ਼ ਕਰ ਲਈ ਅਤੇ ਇਸ ਦੇ ਬਾਅਦ ਇਸ ਚਲਾਨ ਦੀ ਕਾਪੀ ਇੱਕ ਖਾਸ ਵਜ੍ਹਾ ਦੇ ਕਾਰਨ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦਿੱਲੀ ਦੀ ਗੀਤਾ ਕਲੋਨੀ



ਦੇ ਦਿਨੇਸ਼ ਮਦਾਨ ਨੇ ਕਿਹਾ ਕਿ ਉਹ ਕੱਲ੍ਹ ਗੁੜਗਾਓਂ ਕਿਸੇ ਕੰਮ ਲਈ ਗਏ ਸਨ। ਜ਼ਿਲ੍ਹਾ ਕੋਰਟ ਕੰਪਲੈਕਸ ਦੇ ਸਾਹਮਣੇ ਸਰਵਿਸ ਰੋਡ 'ਤੇ ਉਨ੍ਹਾਂ ਨੇ ਹੈਲਮੇਟ ਲਾਹ ਦਿੱਤਾ। ਉਥੇ ਖੜ੍ਹੇ ਪੁਲਸ ਮੁਲਾਜ਼ਮ ਨੇ ਉਨ੍ਹਾਂ ਤੋਂ ਗੱਡੀ ਦੇ ਕਾਗਜ਼ ਮੰਗੇ। ਕਾਗਜ਼ ਨਾ ਹੋਣ ਕਾਰਨ ਪੁਲਸ ਮੁਲਾਜ਼ਮਾਂ ਨੇ 23000 ਰੁਪਏ ਦਾ ਚਲਾਨ ਕਰ ਦਿੱਤਾ। ਦਿਨੇਸ਼ ਨੇ ਕਿਹਾ ਕਿ ਉਨ੍ਹਾਂ ਦੀ ਸਕੂਟੀ ਕਾਫੀ ਪੁਰਾਣੀ ਹੋ ਗਈ ਹੈ ਅਤੇ ਇਸ ਕਾਰਨ ਉਸ ਦੀ ਕੀਮਤ ਮਸਾਂ 15000 ਰੁਪਏ ਦੇ ਕਰੀਬ ਹੈ। ਦਿਨੇਸ਼ ਦੇ ਕੋਲ ਨਾ ਸਕੂਟੀ ਦੀ ਆਰ ਸੀ (ਰਜਿਸਟਰੇਸ਼ਨ) ਸੀ ਅਤੇ ਨਾ ਡਰਾਈਵਿੰਗ ਲਾਇਸੈਂਸ, ਪ੍ਰਦੂਸ਼ਣ ਸਰਟੀਫਿਕੇਟ, ਥਰਡ ਪਾਰਟੀ ਬੀਮਾ ਸੀ। ਪੰਜ ਨਿਯਮ ਤੋੜਨ ਕਾਰਨ ਟਰੈਫਿਕ ਪੁਲਸ ਨੇ ਇੰਨੇ ਰੁਪਏ ਦਾ ਚਲਾਨ ਕਰ ਦਿੱਤਾ। ਦਿਨੇਸ਼ ਨੇ ਦੱਸਿਆ ਕਿ ਟਰੈਫਿਕ ਪੁਲਸ ਨੇ ਚਲਾਨ ਕੱਟਣ ਪਿੱਛੋਂ ਸਕੂਟੀ ਨੂੰ ਸੀਜ਼ ਕਰ ਦਿੱਤਾ ਹੈ। ਇਸ ਨੂੰ ਕੋਰਟ ਤੋਂ ਛੁਡਾਉਣਾ ਪਵੇਗਾ ਅਤੇ ਚਲਾਨ ਭਰਨ ਦੇ ਇਲਾਵਾ ਜ਼ਮਾਨਤ ਦੇਣੀ ਹੋਵੇਗੀ। ਦਿਨੇਸ਼ ਨੇ ਕਿਹਾ ਕਿ ਇਸ ਦੇ ਬਾਅਦ ਤੋਂ ਉਹ ਬਹੁਤ ਪ੍ਰੇਸ਼ਾਨ ਹੈ ਅਤੇ ਉਹ ਇਸ ਸਕੂਟੀ ਨੂੰ ਛੁਡਾਉਣ ਲਈ ਨਹੀਂ ਜਾਣਗੇ।

## ਰਾਨੂ ਮੰਡਲ ਦੀ ਲੋਕਪ੍ਰਿਅਤਾ ਉੱਤੇ ਲਤਾ ਮੰਗੇਸ਼ਕਰ ਬੋਲੀ, ਨਕਲ ਕਰਨਾ ਕਲਾ ਨਹੀਂ ਹੁੰਦੀ

ਮੁੰਬਈ, 4 ਸਤੰਬਰ (ਪੋਸਟ ਬਿਊਰੋ)- ਇੰਟਰਨੈਟ ਸੈਂਸੇਸ਼ਨ ਬਣੀ ਹੋਈ ਕੱਲ੍ਹ ਦੀ ਭਿਖਾਰਨ ਅਤੇ ਅੱਜ ਦੀ ਗਾਇਕਾ ਰਾਨੂ ਮੰਡਲ ਦਾ ਰੇਲਵੇ ਸਟੇਸ਼ਨ ਉੱਤੇ ਲਤਾ ਮੰਗੇਸ਼ਕਰ ਦਾ ਗਾਇਆ 'ਇੱਕ ਪਿਆਰ ਕਾ ਨਗਮਾ ਹੈ' ਗਾਣਾ ਜ਼ਿੰਦਗੀ ਨੂੰ ਬਦਲ ਗਿਆ ਹੈ। ਗੁੰਮਨਾਮੀ ਵਿੱਚ ਜੀਅ ਰਹੀ ਰਾਨੂ ਦਾ ਵੀਡੀਓ ਵਾਇਰਲ ਹੁੰਦੇ ਸਾਰ ਉਹ ਰਾਤੋ-ਰਾਤ ਇੰਟਰਨੈੱਟ ਸੈਂਸੇਸ਼ਨ ਬਣ ਗਈ ਅਤੇ ਉਨ੍ਹਾਂ ਨੇ ਹਿਮੇਸ਼ ਰੇਸ਼ਮੀਆ ਨਾਲ ਕੁਝ ਗਾਣੇ ਰਿਕਾਰਡ ਕੀਤੇ ਹਨ। ਇਸ ਔਰਤ ਬਾਰੇ ਲਤਾ ਮੰਗੇਸ਼ਕਰ ਨੂੰ ਵੀ ਪਤਾ ਲੱਗਾ ਤੇ ਆਖਰ ਉਨ੍ਹਾਂ ਦੀ ਰਾਨੂ ਮੰਡਲ ਬਾਰੇ ਪ੍ਰਤੀਕਿਰਿਆ ਆ ਗਈ ਹੈ। ਲਤਾ ਮੰਗੇਸ਼ਕਰ ਤੋਂ ਜਦੋਂ ਰਾਨੂ ਮੰਡਲ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ, ''ਨਕਲ ਕਰਨਾ ਕਲਾ ਨਹੀਂ ਹੈ। ਜੇ ਮੇਰੇ ਨਾਂਅ ਉੱਤੇ ਕੰਮ ਨਾਲ ਕਿਸੇ ਦਾ ਭਲਾ ਹੁੰਦਾ ਹੈ ਤਾਂ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੀ ਹਾਂ, ਪਰ ਮੈਨੂੰ ਇਹ ਵੀ ਲੱਗਦਾ ਹੈ ਕਿ ਨਕਲ ਸਫਲਤਾ ਲਈ ਇੱਕ ਭਰੋਸੇ ਯੋਗ ਤੇ ਟਿਕਾਊ ਸਾਥੀ ਨਹੀਂ ਹੈ ਤੇ ਇਹ ਲੰਬਾ ਨਹੀਂ ਚੱਲੇਗਾ।'' ਲਤਾ ਮੰਗੇਸ਼ਕਰ ਨੇ ਛੋਟੇ ਪਰਦੇ 'ਤੇ ਮਿਊਜ਼ਿਕ ਸ਼ੋਅ 'ਤੇ ਆ ਰਹੀਆਂ ਪ੍ਰਤਿਭਾਵਾਂ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ, ''ਇੰਨੇ ਸਾਰੇ ਬੱਚੇ ਮੇਰੇ ਗੀਤਾਂ ਨੂੰ ਇੰਨਾ ਖੂਬਸੂਰਤ ਗਾਉਂਦੇ ਹਨ, ਪਰ ਸਫਲਤਾ ਦੀ ਇੱਕ ਲਹਿਰ ਤੋਂ ਬਾਅਦ ਉਨ੍ਹਾਂ ਵਿੱਚੋਂ ਕਿੰਨਿਆਂ ਨੂੰ ਯਾਦ ਕੀਤਾ ਜਾਂਦਾ ਹੈ? ਮੈਂ ਸਿਰਫ ਸੁਨਿਧੀ ਚੌਹਾਨ ਅਤੇ ਸ਼੍ਰੇਆ ਘੋਸ਼ਾਲ ਨੂੰ ਜਾਣਦੀ ਹਾਂ। ਸਿੰਗਿੰਗ ਵਿੱਚ ਕਰੀਅਰ ਬਣਾਉਣ ਵਾਲਿਆਂ ਨੂੰ ਮੇਰੀ ਸਲਾਹ ਹੈ-ਓਰਿਜਨਲ ਬਣੋ। ਮੇਰੇ ਤੇ ਮੇਰੇ ਸਾਥੀਆਂ ਦੇ ਸਦਾ ਬਹਾਰ ਗੀਤ ਗਾਓ, ਪਰ ਇੱਕ ਬਿੰਦੂ ਉਤੇ ਆ ਕੇ ਗਾਇਕ ਨੂੰ ਆਪਣਾ ਗੀਤ ਖੁਦ ਲੱਭਣਾ ਚਾਹੀਦਾ ਹੈ।'' ਉਨ੍ਹਾਂ ਇਹ ਗੱਲ ਸਮਝਾਉਣ ਲਈ ਆਪਣੀ ਭੈਣ ਮਸ਼ਹੂਰ ਬਾਲੀਵੁੱਡ ਸਿੰਗਰ ਆਸ਼ਾ ਭੌਸਲੇ ਦੀ ਮਿਸਾਲ ਦਿੱਤੀ, ''ਜੇ ਆਸ਼ਾ ਆਪਣੇ ਅੰਦਾਜ਼ ਵਿੱਚ ਗਾਉਣ ਲਈ ਜ਼ਿੱਦ ਨਾ ਕਰਦੀ ਤਾਂ ਉਹ ਹਮੇਸ਼ਾ ਮੇਰੇ ਪ੍ਰਛਾਵੇਂ ਵਿੱਚ ਹੀ ਰਹਿੰਦੀ।

# ਓ ਐੱਨ ਜੀ ਸੀ ਦੇ ਗੈਸ ਪਲਾਂਟ ਵਿੱਚ ਅੱਗ ਲੱਗਣ ਨਾਲ ਚਾਰ ਮੌਤਾਂ

ਮੁੰਬਈ, 4 ਸਤੰਬਰ (ਪੋਸਟ ਬਿਊਰੋ)- ਤੇਲ ਅਤੇ ਕੁਦਰਤੀ ਗੈਸ ਲਿਮਟਿਡ (ਓ ਐੱਨ ਜੀ ਸੀ) ਦੇ ਉਰਣ ਵਾਲੇ ਪਲਾਂਟ ਦੇ ਸਟਾਰਮ ਵਾਟਰ ਡ੍ਰੇਨੇਜ ਵਿੱਚ ਕੱਲ੍ਹ ਸਵੇਰੇ ਅੱਗ ਲੱਗ ਗਈ। ਹਾਦਸੇ ਵਿੱਚ ਸੀ ਆਈ ਐੱਸ ਐੱਫ ਦੇ ਤਿੰਨ ਜਵਾਨਾਂ ਦੀ ਮੌਤ ਹੋ ਗਈ ਤੇ ਤਿੰਨ ਗੰਭੀਰ ਜ਼ਖਮੀ ਹਨ। ਮ੍ਰਿਤਕਾਂ ਵਿੱਚ ਚੌਥਾ ਪਲਾਂਟ ਦਾ ਕਰਮਚਾਰੀ ਹੈ। ਓਨ ਐੱਨ ਜੀ ਸੀ ਦਾ ਇਹ ਪਲਾਂਟ ਮੁੰਬਈ ਤੋਂ ਕਰੀਬ ਪੰਜਾਹ ਕਿਲੋਮੀਟਰ ਦੂਰ ਰਾਇਗੜ੍ਹ ਜ਼ਿਲੇ ਵਿੱਚ ਹੈ। ਕੱਲ੍ਹ ਸਵੇਰੇ ਪਲਾਂਟ ਦੇ ਸਟਾਰਮ ਵਾਟਰ ਡ੍ਰੇਨੇਜ ਵਿੱਚ ਅਚਾਨਕ ਅੱਗ ਲੱਗ ਗਈ। ਇਥੇ ਤੈਨਾਤ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਆਈ ਐੱਸ ਐੱਫ) ਦੇ ਜਵਾਨਾਂ ਨੇ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ ਅਤੇ ਸੁਰੱਖਿਆ ਯੰਤਰਾਂ ਨਾਲ ਖੁਦ ਅੱਗ ਬੁਝਾਉਣੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਜ਼ੋਰਦਾਰ ਧਮਾਕੇ ਵਿੱਚ ਸੀ



ਆਈ ਐੱਸ ਐੱਫ ਦੇ ਦਾਰ ਅਤੇ ਓ ਐੱਨ ਜੀ ਸੀ ਦੇ ਇੱਕ ਕਰਮਚਾਰੀ ਸਮੇਤ ਛੇ ਜਣੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ, ਪ੍ਰੰਤੂ ਓ ਐੱਨ ਜੀ ਸੀ ਦੇ ਕਰਮਚਾਰੀ ਅਤੇ ਸੀ ਆਈ ਐੱਸ ਐੱਫ ਦੇ ਤਿੰਨ ਜਵਾਨਾਂ ਨੂੰ ਬਚਾਇਆ ਨਹੀਂ ਜਾ ਸਕਿਆ। ਸੀ ਆਈ ਐੱਸ ਐੱਫ ਦੇ ਤਿੰਨ ਹੋਰ ਜਵਾਨ ਅਜੇ ਵੀ ਜੀਵਨ ਅਤੇ ਮੌਤ ਨਾਲ ਜੂਝ ਰਹੇ ਹਨ। ਇਸ ਧਮਾਕੇ ਨਾਲ ਕਾਫੀ ਦੂਰ ਤੱਕ ਇਲਾਕੇ ਵਿੱਚ ਧੂੰਆਂ ਫੈਲ ਗਿਆ ਤੇ ਨੇੜਲੇ ਰਿਹਾਇਸ਼ੀ ਇਲਾਕਿਆਂ ਤੋਂ ਲੋਕ ਘਰ ਛੱਡ ਕੇ ਭੱਜਣ ਲੱਗੇ। ਘਰਾਂ ਦੇ ਗੈਸ ਸਿਲੰਡਰ ਅਤੇ ਪਾਈਪਲਾਈਨ ਦੀ ਗੈਸ ਨਾ ਖੋਲ੍ਹਣ ਦੇ ਨਿਰਦੇਸ਼ ਵੀ ਦਿੱਤੇ ਗਏ। ਪਾਈਪ ਲਾਈਨ ਤੋਂ ਉਰਣ ਪਲਾਂਟ ਵੱਲ ਜਾ ਰਹੀ ਗੈਸ ਨੂੰ ਗੁਜਰਾਤ ਦੇ ਹਜੀਰਾ ਵੱਲ ਮੋੜ ਦਿੱਤਾ ਗਿਆ ਹੈ।

# ਅਭਿਨੇਤਰੀ ਬ੍ਰਿਸ਼ਟੀ ਨੂੰ ਕਾਲ ਗਰਲ ਕਹਿ ਕੇ ਪੋਸਟਰ ਲਾਏ ਗਏ

ਕੋਲਕਾਤਾ, 4 ਸਤੰਬਰ (ਪੋਸਟ ਬਿਊਰੋ)- ਬੰਗਲਾ ਫਿਲਮਾਂ ਦੀ ਅਭਿਨੇਤਰੀ ਬ੍ਰਿਸ਼ਟੀ ਰਾਏ (28) ਨੇ ਕੱਲ੍ਹ ਉਨ੍ਹਾਂ ਨੂੰ ਕਾਲ ਗਰਲ ਦੱਸ ਕੇ ਰੇਲਵੇ ਸਟੇਸ਼ਨਾਂ ਅਤੇ ਰੇਲ ਦੇ ਡੱਬਿਆਂ ਉੱਤੇ ਉਨ੍ਹਾਂ ਦੀ ਤਸਵੀਰ ਅਤੇ ਮੋਬਾਈਲ ਨੰਬਰ ਵਾਲੇ ਪੋਸਟਰ ਲਾਏ ਜਾਣ ਦੀ ਸ਼ਿਕਾਇਤ ਸਥਾਨਕ ਥਾਣੇ ਵਿੱਚ ਦਰਜ ਕਰਾਈ ਹੈ।

ਇਸ ਸੰਬੰਧ ਵਿੱਚ ਅਭਿਨੇਤਰੀ ਬ੍ਰਿਸ਼ਟੀ ਨੇ ਕਿਹਾ ਕਿ ਪੋਸਟਰ ਵਿੱਚ ਉਨ੍ਹਾਂ ਦਾ ਮੋਬਾਈਲ ਨੰਬਰ ਛਾਪ ਕੇ ਲਿਖਿਆ ਗਿਆ ਹੈ ਕਿ ਇਕੱਲੇ ਲੋਕ ਰਾਤ ਨੂੰ ਇਸ ਨੰਬਰ ਉਤੇ ਕਾਲ ਕਰਨ। ਫੋਨ ਕਰਨ ਵਾਲੇ 10000 ਤੋਂ 20000 ਰੁਪਏ ਤੱਕ ਕਮਾ ਸਕਦੇ ਹਨ। ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਅਜੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ। ਬ੍ਰਿਸ਼ਟੀ ਨੂੰ 24 ਅਗਸਤ ਦੀ ਸ਼ਾਮ ਪਹਿਲੀ ਕਾਲ ਆਈ ਸੀ। ਸ਼ੁਰੂ ਵਿੱਚ ਉਸ ਨੇ ਸੋਚਿਆ ਕਿ ਉਨ੍ਹਾਂ ਕੋਲ ਸਮੈਪ ਕਾਲ ਆਈ ਹੈ। ਫਿਰ ਤਾਬੜਤੋੜ ਇਸ ਤਰ੍ਹਾਂ ਦੇ ਫੋਨ ਆਉਣ ਲੱਗੇ। ਉਨ੍ਹਾਂ ਨੇ ਸਾਰੇ ਨੰਬਰਾਂ ਨੂੰ ਬਲੈਕ ਲਿਸਟ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਬ੍ਰਿਸ਼ਟੀ ਰਾਏ ਨੇ ਦੱਸਿਆ, ਫੋਨ ਕਰਨ ਵਾਲਿਆਂ ਨੇ ਮੈਨੂੰ ਪੁੱਛਿਆ ਕਿ ਮੈਂ ਕਿਸ ਪ੍ਰਕਾਰ ਦੀ ਸਰਵਿਸ ਦਿਆਂਗੀ। ਮੈਂ ਉਨ੍ਹਾਂ ਦੇ ਘਰ ਜਾ ਕੇ ਸਰਵਿਸ ਦਿਆਂਗੀ ਜਾਂ ਉਨ੍ਹਾਂ ਨੂੰ ਮੇਰੇ ਕੋਲ ਆਉਣਾ ਪਵੇਗਾ। ਲੋਕਾਂ ਨੇ ਮੈਨੂੰ ਇਹ ਵੀ ਪੁੱਛਿਆ ਕਿ ਉਨ੍ਹਾਂ ਨੂੰ ਪੋਸਟਰ ਵਿੱਚ ਲਿਖੀ ਰਾਸ਼ੀ ਕਿਵੇਂ ਮਿਲੇਗੀ? 27 ਅਗਸਤ ਤੱਕ ਮੈਂ ਇਸ ਤਰ੍ਹਾਂ ਦੇ ਕਾਲ ਨੂੰ ਨਜ਼ਰ ਅੰਦਾਜ਼ ਕੀਤਾ। ਮੇਰੇ ਇੱਕ ਦੋਸਤ ਨੇ ਇੱਕ ਦਿਨ ਸਿਆਲਦਾ-ਲਛਮੀਕਾਂਤਪੁਰ ਲੋਕਲ ਵਿੱਚ ਮੇਰਾ ਪੋਸਟਰ ਦੇਖਿਆ ਤਾਂ ਉਹ ਹੈਰਾਨ ਰਹਿ ਗਿਆ। ਉਸ ਨੇ ਮੈਨੂੰ ਇਸ ਬਾਰੇ ਦੱਸਿਆ ਅਤੇ ਫਿਰ ਮੈਂ ਪੁਲਸ ਨੂੰ ਸੂਚਿਤ ਕੀਤਾ। ਇਸ ਦੇ ਪਿੱਛੇ ਕਿਸੇ ਰੈਕੇਟ ਦਾ ਹੱਥ ਦੱਸਿਆ ਜਾ ਰਿਹਾ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ੴ
ਧੰਨ ਧੰਨ ਰਾਜਾ ਸਾਹਿਬ ਜੀ

ਪਿੰਡ ਰਾਜਾ ਸਾਹਿਬ ਜੀ ਮਜ਼ਾਰੇ ਅਤੇ ਸਮੂਹ ਇਲਾਕਾ ਨਿਵਾਸੀਆਂ ਵਲੋਂ ਬੇਨਤੀ ਹੈ ਕਿ ਧੰਨ-ਧੰਨ ਰਾਜਾ ਸਾਹਿਬ ਜੀ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਸ੍ਰੀ ਆਖੰਡਪਾਠ ਸਾਹਿਬ ਕਰਵਾਏ ਜਾ ਰਹੇ ਹਨ।

❊❊❊ ਪ੍ਰੋਗਰਾਮ ❊❊❊

ਅਰੰਭ ਸ੍ਰੀ ਅਖੰਡਪਾਠ ਸਾਹਿਬ — 13 ਸਤੰਬਰ, ਸਵੇਰੇ 10 ਵਜੇ ਹਾਲ ਨੂੰ 307
ਭੋਗ ਸ੍ਰੀ ਅਖੰਡਪਾਠ ਸਾਹਿਬ — 15 ਸਤੰਬਰ 2019 ਨੂੰ ਸਵੇਰੇ 9 ਤੋਂ 10 ਵਜੇ

ਭੋਗ ਉਪਰੰਤ ਮੇਨ ਹਾਲ ਵਿੱਚ ਰਾਗੀ ਅਤੇ ਢਾਡੀ ਜੱਥੇ ਰਸਭੀਨਾ ਕੀਰਤਨ ਅਤੇ ਵਾਰਾਂ ਨਾਲ ਸੰਗਤਾਂ ਨਿਹਾਲ ਕਰਨਗੇ।
ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਆਪ ਸਭ ਇਲਾਕਾ ਨਿਵਾਸੀਆਂ ਨੂੰ ਹੁੰਮ ਹੁਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਹਰਦੇਵ ਸਿੰਘ ਸ਼ੇਰਗਿੱਲ: 647-710-0735
ਕਸ਼ਮੀਰ ਸਿੰਘ ਘੁੰਮਣ: 416-319-0401
ਜੋਗਾ ਸਿੰਘ ਭੋਗਲ: 647-927-4234

ਗੁਰਦੁਆਰਾ ਸ੍ਰੀ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ
*7080 Dixie Rd, Mississauga, ON L5S187*

## ਡਾਕਟਰਾਂ ਉੱਤੇ ਹਮਲਾ ਕਰਨ ਵਾਲਿਆਂ ਨੂੰ 10 ਸਾਲ ਜੇਲ੍ਹ ਹੋਇਆ ਕਰੇਗੀ

ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਕਿਸੇ ਵੀ ਹਸਪਤਾਲ ਵਿੱਚ ਡਿਊਟੀ ਕਰਦ ਡਾਕਟਰਾਂ ਅਤੇ ਮੈਡੀਕਲ ਕਿੱਤੇ ਨਾਲ ਜੁੜੇ ਹੋਰ ਲੋਕਾਂ 'ਤੇ ਵੱਧ ਰਹੇ ਹਮਲਿਆਂ ਦੇ ਕੇਸਾਂ ਨੂੰ ਧਿਆਨ ਵਿੱਚ ਰੱਖ ਕੇ ਸਰਕਾਰ ਨਵਾਂ ਕਾਨੂੰਨ ਬਣਾਉਣ ਲੱਗੀ ਹੈ। ਇਸ ਵਿੱਚ ਅਜਿਹੀਆਂ ਵਾਰਦਾਤਾਂ ਨੂੰ ਗੈਰ ਜ਼ਮਾਨਤੀ ਅਪਰਾਧ ਮੰਨਿਆ ਜਾਏਗਾ ਅਤੇ ਹਿੰਸਾ ਵਿੱਚ ਸ਼ਾਮਲ ਲੋਕਾਂ ਨੂੰ 10 ਸਾਲ ਤੱਕ ਜੇਲ੍ਹ ਹੋ ਸਕਦੀ ਅਤੇ 10 ਲੱਖ ਰੁਪਏ ਜੁਰਮਾਨਾ ਵੀ ਦੇਣਾ ਪੈ ਸਕਦਾ ਹੈ।

ਸਿਹਤ ਮੰਤਰਾਲਾ ਨੇ ਹੈਲਥਕੇਅਰ ਸਰਵਿਸ ਪਰਸਨਲ ਐਂਡ ਕਲੀਨੀਕਲ ਐਸਟੈਬਲਿਸ਼ਮੈਂਟ (ਪ੍ਰੋਹੀਬਿਸ਼ਨ ਆਫ ਵਾਇਲੈਂਸ ਐਂਡ ਡੈਮੇਜ ਆਫ ਪ੍ਰਾਪਰਟੀਜ਼) ਬਿੱਲ 2019 ਦੇ ਖਰੜੇ ਨੂੰ ਜਾਰੀ ਕਰਦੇ ਹੋਏ ਇਸ 'ਤੇ ਲੋਕਾਂ ਤੋਂ ਤੀਹ ਦਿਨਾਂ ਵਿੱਚ ਰਾਏ ਮੰਗੀ ਹੈ। ਇੰਡੀਅਨ ਪੀਨਲ ਕੋਡ (ਆਈ ਪੀ ਸੀ) ਨਾਲ ਜੁੜੇ ਇਸ ਡਰਾਫਟ ਬਿੱਲ ਮੁਤਾਬਕ ''ਜੇ ਕੋਈ ਵੀ ਸਬ ਸੈਕਸ਼ਨ (1) ਵਿੱਚ ਦਰਜ ਹਿੰਸਾ ਦੀ ਵਾਰਦਾਤ ਕਰੇਗਾ ਅਤੇ ਉਸ ਨਾਲ ਕਿਸੇ ਹੈਲਥਕੇਅਰ ਜਾਂ ਪ੍ਰੋਫੈਸ਼ਨਲ ਨੂੰ ਕੋਈ ਗੰਭੀਰ ਸੱਟ ਲੱਗੇਗੀ, ਤਾਂ ਦੋਸ਼ ਸਾਬਿਤ ਹੋਣ 'ਤੇ ਘੱਟੋ ਘੱਟ ਤਿੰਨ ਸਾਲ ਜੇਲ੍ਹ ਹੋਵੇਗੀ, ਜੋ 10 ਸਾਲ ਤੱਕ ਵਧ ਸਕੇਗੀ। ਘੱਟੋ ਘੱਟ 2 ਲੱਖ ਰੁਪਏ ਜੁਰਮਾਨਾ ਵੀ ਹੋਵੇਗਾ, ਜਿਸ ਨੂੰ ਵੱਧ ਤੋਂ ਵੱਧ 10 ਲੱਖ ਰੁਪਏ ਤੱਕ ਕੀਤਾ ਜਾ ਸਕਦਾ ਹੈ।''

# ਮਿਤਾਲੀ ਰਾਜ ਨੇ ਅੰਤਰਰਾਸ਼ਟਰੀ ਟੀ-20 ਤੋਂ ਸੰਨਿਆਸ ਲਿਆ

ਨਵੀਂ ਦਿੱਲੀ, 4 ਸਤੰਬਰ (ਪੋਸਟ ਬਿਊਰੋ)- ਭਾਰਤੀ ਮਹਿਲਾ ਕ੍ਰਿਕਟਰ ਮਿਤਾਲੀ ਰਾਜ ਨੇ ਕੱਲ੍ਹ ਟੀ-20 ਅੰਤਰਰਾਸ਼ਟਰੀ ਖੇਡਾਂ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ।

ਮਿਤਾਲੀ ਨੇ ਕਿਹਾ ਕਿ 2006 ਤੋਂ ਟੀ-20 ਵਿੱਚ ਭਾਰਤ ਦੀ ਪ੍ਰਤੀਨਿਦਤਾ ਕਰਨ ਦੇ ਬਾਅਦ ਮੈਂ ਇਸ ਫਾਰਮੈਟ ਤੋਂ ਸੰਨਿਆਸ ਲੈ ਰਹੀ ਹਾਂ। ਇਸ ਨਾਲ 2021 ਵਿੱਚ ਹੋਣ ਵਾਲੇ ਵਨ ਡੇ ਵਰਲਡ ਕੱਪ ਦੀਆਂ ਤਿਆਰੀਆਂ ਉਤੇ ਧਿਆਨ ਦੇ ਸਕਾਂਗੀ। ਉਸ ਨੇ ਮਹਿਲਾ ਟੀ-20 ਵਿੱਚ ਭਾਰਤ ਵੱਲੋਂ 89 ਮੈਚਾਂ ਵਿੱਚ ਸਭ ਤੋਂ ਵੱਧ 2364 ਦੌੜਾਂ ਬਣਾਈਆਂ ਹਨ। ਮਿਤਾਲੀ ਨੇ ਕਿਹਾ ਕਿ



ਦੇਸ਼ ਦੇ ਲਈ ਵਰਲਡ ਕੱਪ ਜਿੱਤਣ ਦਾ ਮੇਰਾ ਸੁਫਨਾ ਅਜੇ ਅਧੂਰਾ ਹੈ ਅਤੇ ਮੈਂ ਇਸ ਵਿੱਚ ਆਪਣਾ ਬਿਹਤਰ ਦੇਣਾ ਚਾਹੁੰਦੀ ਹਾਂ। ਮੈਂ ਬੀ ਸੀ ਸੀ ਆਈ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਉਨ੍ਹਾਂ ਮੈਨੂੰ ਲਗਾਤਾਰ ਸਹਿਯੋਗ ਦਿੱਤਾ। ਦੱਖਣੀ ਅਫਰੀਕਾ ਦੇ ਖਿਲਾਫ ਹੋਣ ਵਾਲੀ ਅਗਲੀ ਸੀਰੀਜ਼ ਦੇ ਲਈ ਭਾਰਤੀ ਟੀ-20 ਟੀਮ ਨੂੰ ਸ਼ੁਭਕਾਮਨਾਵਾਂ ਦਿੰਦੀ ਹਾਂ। ਮਿਤਾਲੀ ਰਾਜ ਟੀ-20 ਵਿੱਚ ਭਾਰਤੀ ਮਹਿਲਾ ਟੀਮ ਦੀ ਪਹਿਲੀ ਕਪਤਾਨ ਸੀ। ਇਹ ਮੈਚ 2006 ਵਿੱਚ ਡਰਬੀ ਵਿੱਚ ਹੋਇਆ ਸੀ। ਉਨ੍ਹਾਂ ਨੇ 32 ਟੀ-20 ਮੈਚਾਂ ਵਿੱਚ ਭਾਰਤ ਦੀ ਅਗਵਾਈ ਕੀਤੀ ਸੀ। ਇਸ ਵਿੱਚ 2012, 2014 ਅਤੇ 2016 ਵਿੱਚ ਆਯੋਜਤ ਟੀ-20 ਮਹਿਲਾ ਵਰਲਡ ਕੱਪ ਸ਼ਾਮਲ ਹਨ। ਮਿਤਾਲੀ ਟੀ-20 ਵਿੱਚ 2000 ਦਾ ਆਂਕੜਾ ਛੂਹਣ ਵਾਲੀ ਭਾਰਤੀ ਮਹਿਲਾ ਕ੍ਰਿਕਟਰ ਹੈ। ਉਸ ਨੇ 2016 ਵਿੱਚ ਆਖਰੀ ਵਾਰ ਟੀਮ ਦੀ ਅਗਵਾਈ ਕੀਤੀ ਸੀ।



# ਸਿੱਖ ਸ਼ਰਧਾਲੂਆਂ ਨੂੰ ਮਲਟੀਪਲ ਤੇ ਆਨ ਅਰਾਈਵਲ ਵੀਜ਼ਾ ਦਿੱਤਾ ਜਾਵੇਗਾ: ਇਮਰਾਨ ਖਾਨ

ਅੰਮ੍ਰਿਤਸਰ, 4 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਰਤਾਰਪੁਰ ਸਾਹਿਬ ਨੂੰ ਸਿੱਖ ਭਾਈਚਾਰੇ ਲਈ 'ਮਦੀਨਾ' ਅਤੇ ਨਨਕਾਣਾ ਸਾਹਿਬ ਨੂੰ 'ਮੱਕਾ' ਦੱਸਦਿਆਂ ਕਿਹਾ ਹੈ ਕਿ ਮੁਸਲਮਾਨ ਕਿਸੇ ਨੂੰ ਮੱਕਾ ਜਾਂ ਮਦੀਨਾ ਤੋਂ ਦੂਰ ਰੱਖਣ ਦੀ ਕਲਪਨਾ ਵੀ ਨਹੀਂ ਕਰ ਸਕਦੇ।



ਇਮਰਾਨ ਖਾਨ ਨੇ ਭਰੋਸਾ ਦਿਵ-ਾਇਆ ਕਿ ਉਨ੍ਹਾਂ ਦੀ ਸਰਕਾਰ ਭਾਰਤ ਅਤੇ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਮਲਟੀਪਲ ਵੀਜ਼ਾ ਤੇ ਆਨ ਅਰਾਈਵਲ ਵੀਜ਼ਾ ਦੇਵੇਗੀ ਅਤੇ ਸਿੱਖ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਪਾਕਿਸਤਾਨ ਸਥਿਤ ਧਾਰਮਿਕ ਅਸਥਾਨਾਂ ਦੀ ਯਾਤਰਾ ਦੌਰਾਨ ਵੱਧ ਤੋਂ ਵੱਧ ਸੰਭਵ ਸਹੂਲਤਾਂ ਪ੍ਰਦਾਨ ਕਰੇਗੀ। ਇਮਰਾਨ ਖਾਨ ਨੇ ਕਿਹਾ ਕਿ ਧਾਰਮਿਕ ਅਸਥਾਨਾਂ ਦੀ ਯਾਤਰਾ ਲਈ ਪਾਕਿਸਤਾਨ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਮੁਸ਼ਕਿਲ ਦੇ ਵੀਜ਼ੇ ਜਾਰੀ ਕਰਨਾ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਬਾਹਰੋਂ ਆਉਣ ਵਾਲੇ ਯਾਤਰੂਆਂ ਨੂੰ ਹਵਾਈ ਅੱਡੇ 'ਤੇ ਵੀਜ਼ਾ ਸਹੂਲਤ ਦਿੱਤੇ ਜਾਣ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਤੀਰਥ ਯਾਤਰੂਆਂ ਜਾਂ ਸੈਰ ਸਪਾਟਾ ਲਈ ਪਾਕਿ ਦਾ ਦੌਰਾ ਕਰਨ ਦੇ ਇੱਛੁਕ ਵਿਦੇਸ਼ੀ ਲੋਕਾਂ ਨੂੰ ਪਾਕਿ-ਸਤਾਨ ਦਾ ਵੀਜ਼ਾ ਲੈਣ ਲਈ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨੂੰ ਵਿਚਾਰਦਿਆਂ ਵੀਜ਼ਾ ਪ੍ਰਣਾਲੀ 'ਚ ਕਈ ਤਬਦੀਲੀਆਂ ਕੀਤੀਆਂ ਗਈਆਂ ਤੇ ਵੀਜ਼ਾ ਨਿਯਮਾਂ ਨੂੰ ਆਸਾਨ ਬਣਾਉਣ ਦੇ ਉਪਰਾਲੇ ਲਗਾਤਾਰ ਕੀਤੇ ਜਾ ਰਹੇ ਹਨ। ਇਸ ਸਭ ਦੇ ਬਾਵਜੂਦ ਅਜੇ ਵੀ ਭਾਰਤ ਸਮੇਤ ਹੋਰਨਾਂ ਦੇਸ਼ਾਂ ਤੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਵੀਜ਼ਾ ਸਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਨੂੰ ਆਉਂਦੇ ਕੁਝ ਮਹੀਨਿਆਂ 'ਚ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲਾ ਨਾਨਕ-ਾਣਾ ਸਾਹਿਬ, ਨਾਰੋਵਾਲ ਤੇ ਹਸਨ ਅਬਦਾਲ ਸ਼ਹਿਰਾਂ ਦੇ ਸਾਰੇ ਮੁੱਖ ਰਸਤਿਆਂ ਨੂੰ ਦਿਲਖਿੱਚ ਰੂਪ ਦਿੱਤਾ ਜਾਵੇਗਾ ਤੇ ਇਸ ਮੌਕੇ ਭਾਰਤ ਤੋਂ 10 ਹਜ਼ਾਰ ਯਾਤਰੂਆਂ ਲਈ ਵੀਜ਼ਾ ਜਾਰੀ ਕੀਤਾ ਜਾ ਰਿਹਾ ਹੈ।

# ਅੱਗ ਲੱਗਣ ਨਾਲ ਕਿਸ਼ਤੀ ਡੁੱਬੀ, 25 ਲਾਸ਼ਾਂ ਮਿਲੀਆਂ



ਮੌਕੇ ਉਤੇ ਮੌਜੂਦ ਸੁਰੱਖਿਆ ਕਰਮੀ।

ਸਾਂਟਾ ਬਾਰਬਰਾ (ਅਮਰੀਕਾ), 4 ਸਤੰਬਰ (ਪੋਸਟ ਬਿਊਰੋ)- ਦੱਖਣੀ ਕੈਲੀਫੋਰਨੀਆ ਕੰਢੇ ਨੇੜੇ ਟਾਪੂ ਉਤੇ ਕਿਸ਼ਤੀ 'ਚ ਕੱਲ੍ਹ ਸਵੇਰ ਅੱਗ ਲੱਗਣ ਕਾਰਨ 25 ਵਿਅਕਤੀਆਂ ਦੀ ਮੌਤ ਹੋ ਗਈ ਅਤੇ 9 ਅਜੇ ਵੀ ਲਾਪਤਾ ਹਨ। ਕਿਸ਼ਤੀ 'ਤੇ ਸਕੂਬਾ ਡਾਈਵਿੰਗ ਦੇ ਸ਼ੌਕੀਨ ਵਿਅਕਤੀ ਸਵਾਰ ਸਨ। ਕਿਸ਼ਤੀ 'ਤੇ ਸਵਾਰ ਚਾਲਕ ਦਲ ਦੇ ਪੰਜ ਮੈਂਬਰਾਂ ਨੇ ਪਾਣੀ 'ਚ ਛਾਲਾਂ ਮਾਰ ਕੇ ਜਾਨ ਬਚਾਈ। ਬਚਾਅ ਦਲ ਨੂੰ ਚਾਰ ਲਾਸ਼ਾਂ ਲਾਸ ਏਂਜਲਸ ਦੇ ਉਤਰ ਪੱਛਮ 'ਚ 145 ਕਿਲੋਮੀਟਰ ਦੂਰ ਸਾਂਟਾ ਕਰੂਜ਼ ਟਾਪੂ ਕੋਲ ਮਿਲੀਆਂ ਹਨ ਅਤੇ ਹੋਰ ਮਿਲਣ ਦੀ ਸੰਭਾਵਨਾ ਹੈ।

ਸਮੁੰਦਰੀ ਕੰਢੇ ਦੇ ਰੱਖਿਅਕਾਂ ਨੇ ਦੱਸਿਆ ਕਿ ਪੰਜ ਲਾਸ਼ਾਂ ਕਿਸ਼ਤੀ ਹੇਠਾਂ ਦੱਬੀਆਂ ਹੋਈਆਂ ਹਨ, ਪਰ ਖਤਰਾ ਹੋਣ ਕਰਕੇ ਉਨ੍ਹਾਂ ਨੂੰ ਕੱਢਿਆ ਨਹੀਂ ਜਾ ਸਕਿਆ। ਪ੍ਰਸ਼ਾਸਨ ਵੱਲੋਂ ਲਾਪਤਾ 9 ਵਿਅਕਤੀਆਂ ਦੀ ਅਜੇ ਭਾਲ ਕੀਤੀ ਜਾ ਰਹੀ ਹੈ। ਕੋਸਟ ਗਾਰਡਜ਼ ਦੇ ਕੈਪਟਨ ਮੋਨਿਕਾ ਰੋਚੇਸਟਰ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ, 'ਸਾਨੂੰ ਸਭ ਨੂੰ ਬੁਰੀ ਖਬਰ ਲਈ ਤਿਆਰ ਰਹਿਣਾ ਚਾਹੀਦਾ ਹੈ।' ਲੈਫਟੀਨੈਂਟ ਕਮਾਂਡਰ ਮੈਥਿਊ ਕਰੌਲ ਨੇ ਕਿਹਾ ਕਿ ਸ਼ੁਰੂ 'ਚ ਜਿਹੜੀਆਂ ਚਾਰ ਲਾਸ਼ਾਂ ਮਿਲੀਆਂ, ਉਨ੍ਹਾਂ ਦੀ ਮੌਤ ਡੁੱਬਣ ਕਾਰਨ ਹੋਈ ਹੈ। ਸਾਂਟਾ ਬਾਰਬਰਾ ਕਾਊਂਟੀ ਸ਼ੈਰਿਫ ਬਿਲ ਬ੍ਰਾਊਨ ਨੇ ਕਿਹਾ ਕਿ ਕਿਸ਼ਤੀ ਘੱਟ ਪਾਣੀ ਵਾਲੀ ਥਾਂ ਪਲਟ ਗਈ। 23 ਮੀਟਰ ਲੰਬੀ ਕਿਸ਼ਤੀ ਤਿੰਨ ਦਿਨ ਦੇ ਰੋਮਾਂਚਕ ਸਫਰ ਉੱਤੇ ਸੀ। ਹਾਦਸੇ 'ਚ ਬਚੇ ਅਮਲੇ ਦੇ ਪੰਜ ਮੈਂਬਰਾਂ ਨੇ 'ਦਿ ਗਰੇਪ ਐਸਕੇਪ' ਕਿਸ਼ਤੀ ਵਿੱਚ ਪਨਾਹ ਲਈ। ਕਿਸ਼ਤੀ ਦੇ ਮਾਲਕਾਂ ਬੌਬ ਅਤੇ ਸ਼ਰਲੇ ਹਨਸੇਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਤੜਕੇ ਰੌਲਾ ਪੈਣ 'ਤੇ ਦੇਖਿਆ ਤਾਂ ਕਿਸ਼ਤੀ ਪੂਰੀ ਤਰ੍ਹਾਂ ਨਾਲ ਅੱਗ ਨਾਲ ਘਿਰੀ ਹੋਈ ਸੀ।

## ਮਾਲਦੀਵ ਦੇ ਸਪੀਕਰ ਨੇ ਚੀਨ ਦੀ ਤੁਲਨਾ ਈਸਟ ਇੰਡੀਆ ਕੰਪਨੀ ਨਾਲ ਕੀਤੀ

ਮਾਲੇ, 4 ਸਤੰਬਰ (ਪੋਸਟ ਬਿਊਰੋ)- ਮਾਲਦੀਵ ਦੀ ਪਾਰਲੀਮੈਂਟ ਦੇ ਸਪੀਕਰ ਤੇ ਸਾਬਕਾ ਰਾਸ਼ਟਰਪਤੀ ਮੁਹੰਮਦ ਨਸ਼ੀਦ ਨੇ ਚੀਨ ਦੀ ਤੁਲਨਾ ਈਸਟ ਇੰਡੀਆ ਕੰਪਨੀ ਨਾਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਚੀਨ ਨੇ ਇਕ ਵੀ ਗੋਲੀ ਚਲਾਏ ਬਗ਼ੈਰ ਈਸਟ ਇੰਡੀਆ ਕੰਪਨੀ ਨਾਲੋਂ ਵਧੇਰੇ ਜ਼ਮੀਨ ਹਥਿਆ ਲਈ।

ਵਰਣਣ ਯੋਗ ਹੈ ਕਿ ਬ੍ਰਿਟੇਨ ਦੀ ਈਸਟ ਇੰਡੀਆ ਕੰਪਨੀ ਸਾਲ 1608 'ਚ ਕਾਰੋਬਾਰ ਲਈ ਭਾਰਤ ਆਈ ਸੀ ਤੇ ਹੌਲੀ-ਹੌਲੀ ਉਸ ਨੇ ਪੂਰੇ ਦੇਸ਼ ਉੱਤੇ ਕਬਜ਼ਾ ਕਰ ਲਿਆ ਸੀ। ਨਸ਼ੀਦ ਨੇ ਸਾਬਕਾ ਰਾਸ਼ਟਰਪਤੀ ਅਬਦੁੱਲਾ ਯਾਮੀਨ ਦੀ ਸਰਕਾਰ 'ਤੇ ਹਿੰਦ ਮਹਾਸਾਗਰ ਵਿੱਚ ਮਾਲਦੀਵ ਨੂੰ ਚੀਨ ਦਾ ਕਰਜ਼ਦਾਰ ਬਣਾ ਦੇਣ ਦਾ ਦੋਸ਼ ਲਾਇਆ। ਸਾਲ 2008 ਤੋਂ 2012 ਤਕ ਮਾਲਦੀਵ ਦੇ ਰਾਸ਼ਟਰਪਤੀ ਰਹਿ ਚੁੱਕੇ ਨਸ਼ੀਦ ਨੇ ਕਿਹਾ ਕਿ ਮੈਂ ਖ਼ਾਸ ਤੌਰ 'ਤੇ ਚੀਨ ਦਾ ਜ਼ਿਕਰ ਕਰ ਰਿਹਾ ਹਾਂ। ਅੱਜ ਦੇ ਦੌਰ 'ਚ ਜ਼ਮੀਨ 'ਤੇ ਕਬਜ਼ਾ ਕਰਨ ਦੀ ਹੋੜ ਲੱਗੀ ਹੈ। ਪੂਰੀ ਦੁਨੀਆ 'ਚ ਇਹ ਆਮ ਤੌਰ 'ਤੇ ਉਨ੍ਹਾਂ ਥਾਵਾਂ 'ਤੇ ਹੋ ਰਿਹਾ ਹੈ, ਜਿੱਥੇ ਮਨੁੱਖੀ ਅਧਿਕਾਰ ਦੀ ਸਥਿਤੀ ਕਮਜ਼ੋਰ ਹੈ। ਮਾਲਦੀਵ 'ਚ ਵੀ 2018 ਦੀਆਂ ਚੋਣਾਂ ਤਕ ਇਹੀ ਹਾਲ ਸੀ। ਪਿਛਲੇ ਸਾਲ ਨਵੰਬਰ ਤਕ ਜਲਾਵਤਨ ਜ਼ਿੰਦਗੀ ਬਿਤਾ ਰਹੇ ਨਸ਼ੀਦ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਮਾਲਦੀਵ ਨੇ ਬਹੁਤ ਜ਼ਿਆਦਾ ਕਰਜ਼ਾ ਲਿਆ ਹੈ। ਇਹ ਪੈਸਾ ਵਧੇਰੇ ਲਾਗਤ ਵਾਲੇ ਅਜਿਹੇ ਪ੍ਰਾਜੈਕਟਾਂ 'ਚ ਲੱਗਾ, ਜਿਨ੍ਹਾਂ 'ਤੋਂ ਕੋਈ ਲਾਭ ਨਹੀਂ ਸੀ। ਇਨ੍ਹਾਂ ਵਿੱਚੋਂ ਵਧੇਰੇ ਪ੍ਰਾਜੈਕਟਾਂ ਨੂੰ ਚੀਨੀ ਐਗਜ਼ਿਮ ਬੈਂਕ ਨੇ ਫੰਡ ਦਿੱਤਾ ਸੀ। ਇਹ ਕਾਰੋਬਾਰੀ ਪ੍ਰਾਜੈਕਟ ਨਾਕਾਮ ਹੋ ਗਏ ਕਿਉਂਕਿ ਇਨ੍ਹਾਂ ਦੀ ਲਾਗਤ ਬਹੁਤ ਵੱਧ ਸੀ। ਜਦੋਂ ਤੁਸੀਂ ਕਰਜ਼ ਦਾ ਭੁਗਤਾਨ ਨਾ ਕਰ ਸਕੋਗੇ ਤਾਂ ਉਹ ਇਨਸਾਫ਼ ਦੀ ਮੰਗ ਕਰਨਗੇ ਤੇ ਇਸ ਪ੍ਰਕਿਰਿਆ 'ਚ ਅਸੀਂ ਆਪਣੀ ਖ਼ੁਦਮੁਖ਼ਤਿਆਰੀ ਗੁਆ ਦੇਵਾਂਗੇ।

## ਸਕੂਲ ਵਿਚ ਆਤਮਾਵਾਂ ਦੇ ਡਰ ਕਾਰਨ ਪਾਦਰੀ ਨੇ ਹੈਰੀ ਪੌਟਰ ਕਿਤਾਬ 'ਤੇ ਪਾਬੰਦੀ ਲਾਈ

ਵਾਸ਼ਿੰਗਟਨ, 4 ਸਤੰਬਰ (ਪੋਸਟ ਬਿਊਰੋ)- ਜੰਤਰ-ਮੰਤਰ ਵਾਲਿਆਂ ਦੇ ਹੁਕਮ 'ਤੇ ਅਮਰੀਕਾ ਦੇ ਨੈਸ਼ਵਿਲੇ ਸਥਿਤ ਸਕੂਲ ਦੇ ਪਾਦਰੀ ਨੇ ਹੈਰੀ ਪਾਟਰ ਕਿਤਾਬ 'ਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਨੂੰ ਡਰ ਹੈ ਕਿ ਬੱਚਿਆਂ ਵੱਲੋਂ ਏਦਾਂ ਦੇ ਪ੍ਰਸਿੱਧ ਨਾਵਲਾਂ ਦੀ ਵਰਤੋਂ ਆਤਮਾਵਾਂ ਨੂੰ ਬੁਲਾਉਣ ਵਿੱਚ ਕੀਤੀ ਜਾ ਸਕਦੀ ਹੈ।

ਇੱਕ ਖਬਰ ਦੇ ਮੁਤਾਬਕ ਪਾਦਰੀ ਰੇਵਰਐਂਡ ਡੈਨ ਰੀਹੀਲ ਨੇ ਰੋਮ ਅਤੇ ਅਮਰੀਕਾ ਦੇ ਓਝਾ (ਜਾਦੂ ਟੋਣਾ ਕਰਨ ਵਾਲੇ) ਨਾਲ ਸੰਪਰਕ ਕੀਤਾ ਸੀ, ਜਿਨ੍ਹਾਂ ਨੇ ਟੇਨੇਸੀ ਵਿੱਚੋਂ ਸੇਂਟ ਐਡਵਰਡ ਕੈਥੋਲਿਕ ਸਕੂਲ ਦੀ ਲਾਇਬ੍ਰੇਰੀ 'ਚੋਂ ਕਿਤਾਬਾਂ ਹਟਾਉਣ ਦੀ ਸਲਾਹ ਦਿੱਤੀ ਸੀ। ਸਥਾਨਕ ਮੀਡੀਆ ਨੂੰ ਪਾਦਰੀ ਦਾ ਈ ਮੇਲ ਮਿਲਿਆ ਹੈ, ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ ਕਿਤਾਬ ਵਿੱਚ ਸਰਾਪ ਅਤੇ ਮੰਤਰ ਦਾ ਵਰਨਣ ਹੈ, ਜਿਸ ਨੂੰ ਪੜ੍ਹਨ 'ਤੇ ਬੁਰੀਆਂ ਆਤਮਾਵਾਂ ਦੇ ਆਉਣ ਦਾ ਖਤਰਾ ਹੈ। ਸਕੂਲ ਵਿੱਚ ਮੌਜੂਦ ਇਨ੍ਹਾਂ ਕਿਤਾਬਾਂ ਨੂੰ ਹਟਾਇਆ ਨਹੀਂ ਜਾਵੇਗਾ, ਪਰ ਬੱਚਿਆਂ ਪੜ੍ਹਨ ਲਈ ਨਹੀਂ ਦਿੱਤੀਆਂ ਜਾਣਗੀਆਂ।

# ਨਿਸ਼ਾਨੇਬਾਜ਼ੀ ਵਿਸ਼ਵ ਕੱਪ ਵਿੱਚ ਮਨੂ ਤੇ ਸੌਰਭ ਨੂੰ ਸੋਨ ਤਮਗਾ

ਰੀਓ ਡਿ ਜਨੇਰੀਓ, 4 ਸਤੰਬਰ (ਪੋਸਟ ਬਿਊਰੋ)- ਯੁਵਾ ਨਿਸ਼ਾਨੇਬਾਜ਼ਾਂ ਮਨੂ ਭਾਕਰ ਅਤੇ ਸੌਰਭ ਚੌਧਰੀ ਨੇ ਸ਼ਾਨਦਾਰ ਵਾਪਸੀ ਕਰਦੇ ਹੋਏ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਮੁਕਾਬਲੇ ਦਾ ਸੋਨ ਤਮਗਾ ਜਿੱਤਿਆ ਹੈ, ਜਿਸ ਦੇ ਨਾਲ ਭਾਰਤ ਨੇ ਆਈ ਐੱਸ ਐੱਸ ਐਫ ਵਿਸ਼ਵ ਕੱਪ (ਰਾਈਫਲ, ਪਿਸਟਲ) 'ਚ ਚੰਗਾ ਪ੍ਰਦਰਸ਼ਨ ਕੀਤਾ।



ਭਾਰਤ ਦੇ ਅਭਿਸ਼ੇਕ ਵਰਮਾ ਅਤੇ ਯਸ਼ਸਵਿਨੀ ਦੇਸਵਾਲ ਨੇ ਚਾਂਦੀ ਦਾ ਤਮਗਾ ਜਿੱਤਿਆ। ਆਖਰੀ ਦਿਨ ਭਾਰਤ ਨੇ ਸਭ ਤੋਂ ਵੱਧ ਤਮਗੇ ਜਿੱਤੇ। ਇਸ ਨਤੀਜੇ ਪਿੱਛੋਂ ਭਾਰਤ ਇਸ ਸਾਲ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਦੇ ਚਾਰ ਪੜਾਅ ਵਿੱਚ ਚੋਟੀ ਉਤੇ ਰਿਹਾ ਜਿਸ ਵਿੱਚ ਜੂਨੀਅਰ ਵਰਲਡ ਕੱਪ ਸ਼ਾਮਲ ਹੈ। ਭਾਰਤ ਨੇ ਕੁੱਲ ਨੌਂ 'ਚੋਂ ਪੰਜ ਸੋਨ, ਦੋ ਚਾਂਦੀ ਅਤੇ ਦੋ ਕਾਂਸੀ ਆਪਣੇ ਨਾਂਅ ਕੀਤੇ। ਕਿਸੇ ਹੋਰ ਦੇਸ਼ ਨੇ ਇਥੇ ਇੱਕ ਤੋਂ ਵੱਧ ਸੋਨ ਤਮਗਾ ਨਹੀਂ ਜਿੱਤਿਆ ਹੈ।

ਔਰਤਾਂ ਦੀ 10 ਮੀਟਰ ਏਅਰ ਰਾਈਫਲ ਵਿੱਚ ਦੁਨੀਆ ਦੀ ਨੰਬਰ ਇੱਕ ਨਿਸ਼ਾਨੇਬਾਜ਼ ਅਪੂਰਵੀ ਚੰਦੇਲਾ ਅਤੇ ਦੀਪਕ ਕੁਮਾਰ ਨੇ ਮਿਕਸਡ ਏਅਰ ਰਾਈਫਲ ਵਿੱਚ ਚੌਥਾ ਸੋਨ ਤਮਗਾ ਜਿੱਤਿਆ। ਅੰਜੁਮ ਮੁਦ੍ਗਿਲ ਅਤੇ ਦਿਵਿਆਂਸ਼ ਸਿੰਘ ਪੰਵਾਰ ਨੇ ਕਾਂਸੀ ਤਮਗਾ ਜਿੱਤਿਆ ਹੈ। ਏਅਰ ਪਿਸਟਲ ਵਿੱਚ ਮਨੂ ਭਾਕਰ ਤੇ ਸੌਰਭ ਚੌਧਰੀ ਨੇ ਯਸ਼ਸਵਿਨੀ ਅਤੇ ਵਰਮਾ ਨੂੰ 17.15 ਹਰਾ ਕੇ ਸੋਨ ਤਮਗਾ ਜਿੱਤਿਆ। 17 ਸਾਲ ਦੇ ਮਨੂ ਅਤੇ ਸੌਰਭ ਚਾਰੇ ਵਿਸ਼ਵ ਕੱਪ ਪੜਾਅ ਵਿੱਚ ਆਈ ਐੱਸ ਐੱਸ ਐੱਸ ਮਿਕਸਡ ਟੀਮ ਏਅਰ ਪਿਸਟਲ ਦਾ ਸੋਨ ਤਮਗਾ ਜਿੱਤ ਚੁੱਕੇ ਹਨ। ਉਨ੍ਹਾਂ ਨੇ ਕੁਆਲੀਫਿਕੇਸ਼ਨ ਦੇ ਦੂਜੇ ਦੌਰ ਵਿੱਚ 400 ਤੋਂ 394 ਅੰਕ ਬਣਾਏ ਜਿਸ ਵਿੱਚ ਆਖਰੀ 10 ਸ਼ਾਟ ਵਿੱਚ 100 ਹਨ। ਯਸ਼ਸਵਿਨੀ ਅਤੇ ਵਰਮਾ ਦਾ ਸਕੋਰ 386 ਰਿਹਾ। ਚੀਨ ਨੂੰ ਕਾਂਸੀ ਤਮਗਾ ਮਿਲਿਆ। ਇਸ ਤੋਂ ਪਹਿਲਾਂ ਅਪੂਰਵੀ ਅਤੇ ਦੀਪਕ ਨੇ ਇਕਪਾਸੜ ਫਾਈਨਲ ਵਿੱਚ ਚੀਨ ਦੇ ਯਾਂਗ ਕਿਆਨ ਅਤੇ ਯੂ ਹਾਓਨਾਨ ਨੂੰ 16-6 ਨਾਲ ਹਰਾਇਆ। ਦੋਵਾਂ ਨੇ ਦੂਜੇ ਕੁਆਲੀਫਿਕੇਸ਼ਨ ਦੌਰ ਵਿੱਚ ਚੋਟੀ ਦਾ ਸਥਾਨ ਹਾਸਲ ਕੀਤਾ। ਉਨ੍ਹਾਂ ਦਾ ਯੋਗ 419.1 ਰਿਹਾ। ਕਾਂਸੀ ਤਮਗੇ ਮੁਕਾਬਲੇ ਵਿੱਚ ਉਨ੍ਹਾਂ ਨੇ ਹੰਗਰੀ ਦੇ ਐਸਟਰ ਮੇਸਜਾਰੋਸ ਅਤੇ ਪੀਟਰ ਸਿਡੀ ਨੂੰ 16-1- ਨਾਲ ਹਰਾਇਆ।

ਭਾਰਤ ਇਸ ਸਾਲ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਦੇ ਚਾਰ ਪੜਾਅ ਵਿੱਚ 22 ਤਮਗੇ ਜਿੱਤ ਚੁੱਕਾ ਹੈ ਜਿਸ 'ਚ 16 ਸੋਨ ਤਮਗੇ ਸ਼ਾਮਲ ਹਨ। ਇਸ ਤੋਂ ਪਹਿਲਾਂ ਭਾਰਤ ਨੇ ਕੁੱਲ 19 ਸੋਨ ਤਮਗੇ ਜਿੱਤੇ ਸਨ।

# ਚੀਨ ਵਿੱਚ ਚਾਕੂ ਨਾਲ ਹਮਲੇ ਵਿੱਚ ਅੱਠ ਵਿਦਿਆਰਥੀਆਂ ਦੀ ਮੌਤ

ਬੀਜਿੰਗ, 4 ਸਤੰਬਰ (ਪੋਸਟ ਬਿਊਰੋ)- ਦੋ ਮਹੀਨੇ ਪਹਿਲਾਂ ਜੇਲ੍ਹ ਤੋਂ ਛੁਟੇ ਇੱਕ ਅਪਰਾਧੀ ਨੇ ਚੀਨ ਦੇ ਇੱਕ ਪ੍ਰਾਇਮਰੀ ਸਕੂਲ ਵਿੱਚ ਚਾਕੂ ਨਾਲ ਹਮਲਾ ਕਰ ਕੇ ਅੱਠ ਮਾਸੂਮ ਬੱਚਿਆਂ ਦੀ ਜਾਨ ਲੈ ਲਈ।



ਹੁਬੇਈ ਸੂਬੇ ਦੇ ਬੈਯਾਂਗਪਿੰਗ ਸ਼ਹਿਰ ਦੇ ਚੋਯਾਂਗਪੋ ਗ੍ਰੇਡ ਸਕੂਲ ਵਿੱਚ ਇਹ ਵਾਰਦਾਤ ਸੋਮਵਾਰ ਸਵੇਰੇ ਅੱਠ ਵਜੇ ਹੋਈ। ਨਵੇਂ ਵਿਦਿਅਕ ਸੈਸ਼ਨ ਦੇ ਪਹਿਲੇ ਦਿਨ ਇਸ ਵਾਰਦਾਤ ਨਾਲ ਬੱਚਿਆਂ ਵਿੱਚ ਦਹਿਸ਼ਤ ਤੇ ਮਾਪਿਆਂ ਵਿੱਚ ਰੋਸ ਹੈ। ਹਮਲੇ ਵਿੱਚ ਦੋ ਵਿਦਿਆਰਥੀ ਜ਼ਖਮੀ ਵੀ ਹੋ ਗਏ। ਚਾਲੀ ਸਾਲਾ ਸਥਾਨਕ ਹਮਲਾਵਰ ਨੂੰ ਪੁਲਸ ਨੇ ਵਾਰਦਾਤ ਦੇ ਕੁਝ ਦੇਰ ਬਾਅਦ ਕਾਬੂ ਕਰ ਲਿਆ। ਪੁਲਸ ਦੇ ਅਨੁਸਾਰ ਹਮਲਾਵਰ ਅੱਠ ਸਾਲ ਦੀ ਸਜ਼ਾ ਭੁਗਤ ਕੇ ਮਈ ਵਿੱਚ ਜੇਲ੍ਹ 'ਚੋਂ ਛੁੱਟਿਆ ਸੀ। ਉਸ 'ਤੇ ਆਪਣੀ ਗਰਲਫਰੈਂਡ ਦੀਆਂ ਅੱਖਾਂ ਕੱਢ ਲੈਣ ਦੀ ਕੋਸ਼ਿਸ਼ ਦਾ ਗੰਭੀਰ ਦੋਸ਼ ਸੀ। ਹਮਲੇ ਦੇ ਬਾਅਦ ਲੋਕਾਂ ਨੇ ਸਕੂਲਾਂ ਵਿੱਚ ਸੁਰੱਖਿਆ ਮਜ਼ਬੂਤ ਕਰਨ ਦੀ ਮੰਗ ਕੀਤੀ ਹੈ। ਚੀਨ ਵਿੱਚ ਬੀਤੇ ਸਾਲਾਂ ਵਿੱਚ ਇਸ ਤਰ੍ਹਾਂ ਦੀਆਂ ਵਾਰਦਾਤਾਂ ਵਧੀਆਂ ਹਨ। ਬੀਤੇ ਅਪ੍ਰੈਲ ਵਿੱਚ ਹੁਨਾਨ ਸੂਬੇ ਵਿੱਚ ਇੱਕ ਹਮਲਾਵਰ ਨੇ ਚਾਕੂ ਨਾਲ ਹਮਲਾ ਕਰ ਕੇ ਦੋ ਵਿਦਿਆਰਥੀਆਂ ਨੂੰ ਮਾਰ ਦਿੱਤਾ ਸੀ। ਇਸ ਤੋਂ ਪਹਿਲਾਂ ਜਨਵਰੀ ਵਿੱਚ ਰਾਜਧਾਨੀ ਬੀਜਿੰਗ ਵਿੱਚ ਇੱਕ ਹਮਲਾਵਰ ਨੇ ਹਥੌੜੇ ਨਾਲ ਹਮਲਾ ਕਰ ਕੇ 20 ਵਿਦਿਆਰਥੀਆਂ ਨੂੰ ਜ਼ਖਮੀ ਕਰ ਦਿੱਤਾ ਸੀ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਅਮੀਰ ਦੇਸ਼ਾਂ ਵਿੱਚ ਹੁੰਦੀਆਂ ਮੌਤਾਂ ਦਾ ਪ੍ਰਮੁੱਖ ਕਾਰਨ ਕੈਂਸਰ

ਪੈਰਿਸ, 4 ਸਤੰਬਰ (ਪੋਸਟ ਬਿਊਰੋ)- ਅਮੀਰ ਦੇਸ਼ਾਂ ਵਿੱਚ ਸਭ ਤੋਂ ਵੱਧ ਮੌਤਾਂ ਦੇ ਪਿੱਛੇ ਕੈਂਸਰ ਪ੍ਰਮੁੱਖ ਕਾਰਨ ਹੈ। ਇਸ ਗੱਲ ਦਾ ਖੁਲਾਸਾ ਕੱਲ੍ਹ ਜਾਰੀ ਇਕ ਸਰਵੇ ਵਿੱਚ ਕੀਤਾ ਗਿਆ ਹੈ। ਉਂਜ ਅਜੇ ਵੀ ਦਿਲ ਦੀ ਬੀਮਾਰੀ ਮੱਧ ਉਮਰ ਵਰਗ ਦੇ ਲੋਕਾਂ ਵਿੱਚ ਮੌਤ ਦਾ ਮੁੱਖ ਕਾਰਨ ਹੈ। ਦੁਨੀਆ ਭਰ ਵਿੱਚ 40 ਪ੍ਰਤੀਸ਼ਤ ਲੋਕ ਦਿਲ ਦੀ ਬੀਮਾਰੀ ਨਾਲ ਮਰਦੇ ਹਨ। ਮੈਡੀਕਲ ਅਧਿਐਨ ਵਿੱਚ ਪ੍ਰਕਾਸ਼ਿਤ ਦੋ ਸਰਵੇ ਦੇ ਅਨੁਸਾਰ ਅਮੀਰ ਦੇਸ਼ਾਂ ਵਿੱਚ ਕੈਂਸਰ ਨਾਲ ਸਭ ਤੋਂ ਵੱਧ ਲੋਕ ਮਰ ਰਹੇ ਹਨ। ਕਿਊਬੇਕ ਦੇ ਲਾਵਲ ਯੂਨੀਵਰਸਿਟੀ ਵਿੱਚ ਐਮੇਰੀਟ੍ਰਸ ਪ੍ਰੋ. ਗਾਈਲਸ ਡੈਗਾਨੈਸ ਨੇ ਕਿਹਾ ਕਿ ਦੁਨੀਆ ਵਿੱਚ ਕੈਂਸਰ ਹੁਣ ਗੈਰ ਸੰਚਾਰੀ (ਨਾਨ-ਕੰਯੂਨਕਬਲ) ਰੋਗਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਵਿਚਾਲੇ ਇਕ ਨਵੇਂ ਮਹਾਮਾਰੀ ਇਨਫੈਕਸ਼ਨ ਦੇ ਰੂਪ ਵਿੱਚ ਉਭਰ ਰਿਹਾ ਹੈ। ਦਿਲ ਰੋਗ ਉਚ ਆਮਦਨ ਵਾਲੇ ਦੇਸ਼ਾਂ ਵਿੱਚ ਮੌਤ ਦਾ ਪ੍ਰਮੁੱਖ ਕਾਰਨ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਦੇ ਅਧਿਐਨ ਤੋਂ ਇਹ ਪਤਾ ਲਗਾ ਹੈ ਕਿ 2017 ਵਿੱਚ ਕੈਂਸਰ ਮੌਤ ਦਾ ਦੂਸਰਾ ਸਭ ਤੋਂ ਆਮ ਕਾਰਨ ਸੀ। ਕੁੱਲ ਮੌਤਾਂ ਦੀ ਇਕ ਚੌਥਾਈ (26 ਪ੍ਰਤੀਸ਼ਤ) ਮੌਤਾਂ ਇਸ ਕਾਰਨ ਹੋਈਆਂ ਸਨ।

# ਅਮਰੀਕਾ ਆਪਣੇ ਪੰਜ ਹਜ਼ਾਰ ਤੋਂ ਵੱਧ ਅਫਗਾਨਿਸਤਾਨ ਭੇਜੇ ਫੌਜੀ ਵਾਪਸ ਬੁਲਾਏਗਾ

ਕਾਬੁਲ, 4 ਸਤੰਬਰ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਤਾਲਿਬਾਨ ਨਾਲ ਸਮਝੌਤਾ ਹੋਣ ਦੇ 135 ਦਿਨ ਦੇ ਅੰਦਰ ਅਮਰੀਕਾ ਅਫਗਾਨਿਸਤਾਨ ਵਿੱਚ ਤੈਨਾਤ ਆਪਣੇ 5400 ਫੌਜੀਆਂ ਦੀ ਵਾਪਸੀ ਕਰੇਗਾ।



